SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 7 ISSUE - 24
September 26, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਦੇਸ਼ ਦੇ ਲਈ ਆਦਰਸ਼ ਹਨ -ਸ਼ਹੀਦ -ਏ-ਆਜ਼ਮ ਭਗਤ ਸਿੰਘ। ਜਨਮ ਦਿਨ 'ਤੇ ਵਿਸ਼ੇਸ਼ ਲੇਖ (ਦੇਖੋ ਸਫਾ 18 ਤੇ)

# 7 ਅਕਤੂਬਰ ਨੂੰ ਸਿਆਸਤ ਦੀ ਨੂਰਾ ਕੁਸ਼ਤੀ ਲਈ ਸਿਰਤੋੜ ਤਿਆਰੀਆਂ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿੱਚ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦੇ ਹਾਸ਼ੀਏ 'ਤੇ ਧੱਕ ਕੇ ਪ੍ਰਮੁੱਖ ਸਿਆਸੀ ਪਾਰਟੀਆਂ 'ਰੈਲੀਆਂ ਦੀ ਸਿਆਸਤ ਦੇ ਰਾਹ ਪੈ ਗਈਆਂ ਹਨ। 7 ਅਕਤੂਬਰ 2018 ਵਾਲੇ ਦਿਨ ਹੋਣ ਵਾਲੀ ਸਿਆਸਤ ਦੀ ਇਸ ਨੂਰਾ ਕੁਸ਼ਤੀ ਲਈ ਸਿਰਤੋੜ ਤਿਆਰੀਆਂ ਹੋ ਰਹੀਆਂ ਹਨ। ਕਾਂਗਰਸ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਾਦਲਾਂ ਦੇ ਗੜ੍ਹ ਕਿੱਲਿਆਂਵਾਲੀ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੈਪਟਨ ਦੇ ਸ਼ਹਿਰ ਪਟਿਆਲੇ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ। ਆਪ ਦੇ ਬਾਗ਼ੀ ਗਰੁੱਪ ਦੇ ਆਗੂ ਸੁਖਪਾਲ ਖਹਿਰਾ ਅਤੇ ਲੋਕ ਇਨਸਾਫ਼ ਪਾਰਟੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉੱਤੇ ਕੋਟਕਪੂਰੇ ਤੋਂ ਬਰਗਾੜੀ ਤੱਕ ਰੋਸ ਮਾਰਚ ਕਰਨ ਦਾ ਐਲਾਨ ਕਰ ਚੁੱਕੇ ਹਨ।



ਪੰਜਾਬ ਦੇ ਲੋਕਾਂ ਵਿੱਚ ਇਹ ਪ੍ਰਭਾਵ ਬਣਦਾ ਜਾ ਰਿਹਾ ਹੈ ਕਿ ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਸਿੰਘ ਇਕ ਦੂਜੇ ਨੂੰ ਪਾਸ ਦੇ ਕੇ ਖੇਡ ਰਹੇ ਹਨ। ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਪਾਟੋਧਾੜ ਹੋਣ ਕਰ ਕੇ ਆਪਣਾ ਅਸਰ ਗੁਆਉਂਦੀ ਜਾ ਰਹੀ ਹੈ ਤੇ ਅੱਕੀਂ ਪਲਾਹੀਂ ਹੱਥ ਮਾਰਦੀ ਨਜ਼ਰ ਆ ਰਹੀ ਹੈ। ਅਮਰਿੰਦਰ ਸਿੰਘ ਬਿਆਨ ਦਾਗ ਰਹੇ ਹਨ ਕਿ ਬੇਅਦਬੀ ਦੇ ਮਾਮਲੇ ਤੋਂ ਧਿਆਨ ਹਟਾਉਣ ਲਈ ਅਕਾਲੀ ਦਲ ਰੈਲੀਆਂ ਕਰ ਰਿਹਾ ਹੈ। ਇਸ ਬਿਆਨ ਵਿੱਚ ਸਚਾਈ ਹੋ ਸਕਦੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਸਿਆਸੀ ਧਾਰ ਕੇਵਲ ਬੇਅਦਬੀ ਮਾਮਲੇ ਤੱਕ ਸੀਮਤ ਕਿਉਂ ਰੱਖਣਾ ਚਾਹ ਰਹੇ ਹਨ ਅਤੇ ਬੇਅਦਬੀ ਦੇ ਦੋਸ਼ੀ ਲੱਭ ਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਤੋਂ ਕੌਣ ਰੋਕ ਰਿਹਾ ਹੈ? ਪੰਜਾਬ ਦੇ ਕਿਸਾਨਾਂ ਨਾਲ ਸਮੁੱਚਾ ਕਰਜ਼ਾ ਮੁਆਫ਼ ਕਰਨ, ਨੌਜਵਾਨਾਂ ਨੂੰ ਘਰ ਘਰ ਨੌਕਰੀ ਦੇਣ, ਚਾਰ ਹਫ਼ਤਿਆਂ ਅੰਦਰ ਨਸ਼ਿਆਂ ਦੇ ਕਾਰੋਬਾਰ ਵਿੱਚ ਲੱਗੇ ਨਾਪਾਕ ਗੱਠਜੋੜ ਨੂੰ ਤੋੜਣ ਅਤੇ ਰੇਤ, ਟਰਾਂਸਪੋਰਟ, ਕੇਬਲ ਮਾਫ਼ੀਆ ਨੂੰ ਖ਼ਤਮ ਕਰਨ ਵਰਗੇ ਵਾਅਦਿਆਂ ਉੱਤੇ ਧਿਆਨ ਕੇਂਦਰਿਤ ਕਿਉਂ ਨਹੀਂ ਹੋ ਰਿਹਾ? ਕੈਪਟਨ ਨੂੰ ਪਹਿਲੇ ਸਾਲ ਵਾਅਦੇ ਪੂਰੇ ਕਰਨ ਦੇ ਬਣੇ ਦਬਾਅ ਤੋਂ ਰਾਹਤ ਮਿਲੀ ਮਹਿਸੂਸ ਹੋ ਰਹੀ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇ ਵਿਧਾਨ ਸਭਾ ਵਿੱਚ ਹੋਈ ਚਰਚਾ ਤੋਂ ਬਾਅਦ ਕਾਂਗਰਸੀ ਆਗੂ ਪੰਥਕ ਰੰਗ ਵਿੱਚ ਜ਼ਿਆਦਾ ਨਜ਼ਰ ਆਏ ਅਤੇ ਕੈਪਟਨ ਉੱਤੇ ਬਾਦਲਾਂ ਸਮੇਤ ਪੁਲੀਸ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦਾ ਦਬਾਅ ਬਣਾਉਂਦੇ ਰਹੇ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਅਤੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਪੁਲੀਸ ਗੋਲੀ ਦੀਆਂ ਘਟਨਾਵਾਂ ਵਿੱਚ ਘਿਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੁਭਾਅ ਮੁਤਾਬਕ ਗਲਤੀ ਮੰਨਣ ਦੀ ਬਜਾਇ ਸ਼ਕਤੀ ਪ੍ਰਦਰਸ਼ਨ ਦਾ ਰਾਹ ਚੁਣਿਆ ਹੈ। ਇਸ ਕੰਮ ਵਿੱਚ ਸਿਆਸੀ ਹਵਾ ਨੂੰ ਆਪਣੇ ਅਨੁਸਾਰ ਮੋੜ ਦੇਣ ਦੀ ਪੀਐਚਡੀ ਕਰਨ ਦਾ ਦਾਅਵਾ ਕਰਨ ਵਾਲੇ ਪੰਜ ਵਾਰ ਮੁੱਖ ਮੰਤਰੀ ਰਹੇ 93 ਸਾਲਾ ਪ੍ਰਕਾਸ਼ ਸਿੰਘ ਬਾਦਲ ਗੱਜ-ਵੱਜ ਕੇ ਮੈਦਾਨ ਵਿੱਚ ਆ ਗਏ ਹਨ। ਅਕਾਲੀ ਦਲ ਨੇ ਪਹਿਲੀ ਰੈਲੀ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਜੱਦੀ ਸ਼ਹਿਰ ਅਬੋਹਰ ਵਿੱਚ ਕੀਤੀ। ਇਸ ਤੋਂ ਪਿੱਛੋਂ ਕਰੀਬ ਸਾਢੇ ਤਿੰਨ ਮਹੀਨਿਆਂ ਤੋਂ ਮੋਰਚਾ ਲਗਾਈ ਬੈਠੇ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਦੇ ਮੁਕਾਬਲੇ ਫ਼ਰੀਦਕੋਟ ਰੈਲੀ ਕਰਨ ਦਾ ਐਲਾਨ ਕਰ ਦਿੱਤਾ। ਕੈਪਟਨ ਸਰਕਾਰ ਅਤੇ ਫ਼ਰੀਦਕੋਟ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਰੈਲੀ ਉੱਤੇ ਰੋਕ ਲਗਾ ਕੇ ਅਕਾਲੀ ਦਲ ਨੂੰ ਮੁੜ ਸਿਆਸੀ ਦ੍ਰਿਸ਼ ਉੱਤੇ ਕਾਮਯਾਬ ਕਰਨ ਦਾ ਰਾਹ ਖੋਲ੍ਹ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਦੇ ਤੌਰ ਤਰੀਕਿਆਂ ਤੋਂ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੀ ਅਸਹਿਮਤੀ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀ ਰਹੀ ਹੈ।

KINGS SPORTS CLUB
6th World Kabaddi Cup
Saturday 29 September, 2018
Gurdwara Dashmesh Darbar
7733 Elk Grove Florin Road, Sacramento, CA 95829

ਕਿੰਗਜ਼ ਸਪੋਰਟਸ ਕਲੱਬ ਵੱਲੋਂ 6ਵਾਂ ਵਰਲਡ ਕਬੱਡੀ ਕੱਪ 29 ਸਤੰਬਰ ਦਿਨ ਸ਼ਨਿਚਰਵਾਰ ਨੂੰ ਗੁਰਦੁਆਰਾ ਦਸਮੇਸ਼ ਦਰਬਾਰ 7733 ਐਲਕ ਗ੍ਰੋਵ ਫਲੋਰਿਨ ਰੋਡ, ਸੈਕਰਾਮੈਂਟੋ ਵਿਖੇ ਕਰਵਾਇਆ ਜਾ ਰਿਹਾ ਹੈ।
(ਦੇਖੋ ਸਫਾ 23 ਅਤੇ 24)

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D TM
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
Don't wait until it's too late. Come give your car a break at Brake Time
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ


SHAHEED BABA DEEP SINGH SPORTS ACADEMY SACRAMENTO
AND CALIFORNIA KABADDI FEDERATION OF USA ANNOUCING
INTERNATIONAL KABADDI CUP
ਇੰਟਰਨੈਸ਼ਨਲ ਕਬੱਡੀ ਕੱਪ 2018
GURDWARA SAHIB BRADSHAW ROAD
Sikh Temple, 7676 Bradshaw Rd. Sacramento CA 95829
2018
Sunday, October 7th, 2018
2018
8 ਗੋਲਡ ਮੈਡਲਾਂ ਨਾਲ ਵਿਸ਼ੇਸ਼ ਸਨਮਾਨ ਕੀਤੇ ਜਾਣਗੇ।
Baljit Sandhu
Teerath Gakhal
Pala Jalalpur
Sandeep Ambian
Dulla
Khushi
Mangi
Sultan
8 Gold Medals will be Awarded
PRIZE FOR OPEN
1st Prize $15,000
2nd Prize $14,000
3rd Prize $11,000
4th Prize $10,000
ਇਨਾਮਾਂ ਦਾ ਵੇਰਵਾ ਕਬੱਡੀ ਓਪਨ
Charda Punjab Club, Sacramento
COMMENTARY
ਸ਼ਰਤਾਂ ਦੇ ਨਿਯਮ :
ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ।
Kabaddi Clubs California
Bay Area Sports Club
Center Vally Sports Club
Fateh Sports Club
Shaheed Baba Deep Singh Sports Club
ਪੰਜਾਬ ਮੇਲ
LIVE KABADDI
ਅਜੀਤ
TIGHT SECURITY
PRIZE FOR UNDER 25
1st Prize $3100
1st Prize $2100
CHICAGO'S PIZZA With A Twist
PRIZE FOR UNDER 21
1st Prize $2100
1st Prize $1500
Khushi Dirba
Lakha Kothe Jattan
Pala Jalalpur
Dulla Bagga Pind
Pawan Dhillon
Sandeep Surkhpur
Yogi Haryana
Gurpreet Burj Hari
Sethi Harkhowal
Gurlal Ghanour
Sandeep Ludhar
Bana Dhaliwal
Pali Fatehgarh Chana
Sultan
Mangi Bagga Pind
Ruby Harkhowal
Jatinder Bains
Jesus & Jero
Maninder Kishanpura
Amrit Duggan
Bhoora
Jesse Sahota
Sukha Bhandal
Jagga Randhawa
Pamma Jhandeir
Teji Punia
Yaad Kotli
Junni Gill
Resham Jamarai
Happy Simply Sahib
Channa Bheta
Yadda Surkhpur
PLATINUM SPONSORS & WELL WISHERS
Shaheed Baba Deep Singh Sport Academy Sacramento CA
Gope
G Khehra
Balkar Liddar
ਲੰਗਰ ਸੇਵਾ ਗਰੁੱਪ
Rupinder Grewal (GTI)
Sardara Kalotia
Elttay Giran
Amrik Khela
Roger Saini
SHAHEED BABA DEEP SINGH SPORTS ACADEMY MEMBERS
Pargat Sandhu
Gurmit Wraich
Tarlochan Atwal
Davinder Singh
Lakhvir Singh Aujla
Narinder Thandi
Balwinder Sandhu
Pindi Sandhu
Pamma Lidhar
Inder
Happy Aulakh
Ginda Palwan
Bhinda Chahal
Ladda Kahlon
Happy Bariana
Bittu Randhawa
Harry Sangha
Randhir Singh Nijjar
Goldy Lally
Paul Bariana
Sukh Kular
Hardeep Dhindsa
Gurjit Deol
Pardeep Vadana
Kulwinder Singh
Design & Print
QUIK SIGNS
*661-703-8795 *661-900-7357
WWW.QUIKSIGNS.US
FOR MORE INFO : HAPPY BARIANA 916-240-4110, RANDHIR SINGH NIJJAR 916-416-9527

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Programs at Sri Guru Ravidass Temple Pittsburg in September - October 2018

Guru PiariSadhSangatJi,
Devoted families are requesting entire Sangat to attend the following functions:

**September 30, 2018**
**Sehaj Path and Langar Sewa by Giani Ompal Singh and Giani Gurnam Singh**
Sri Sehaj Path and Langar Sewa will be hosted by hosted by Giani Ompal Singh and Giani Gurnam Singh for Sukh Shanti and Chardi Kala of their family. May Waheguru keep family in Chardi kala.

**October 5-6-7, 2018**
**78th Barsi of Hazoor Shri Nabh Kanwal Raja Sahib**
The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 78th Barsi. The Akhand Path will start at 10:00 AM on Friday, October 5 and conclude on Sunday, October 7, 2018. Prominent Kirtani Jathas are also coming to delight SANGAT with their melodious KIRTAN. May Akal Purakh bless HIS devotees.

**October 14, 2018, Sukhmani Sahib Path and Langar Sewa by Gurughar*****
HEALTH CLINIC - 10:00 AM – 2:00 PM
The UC Berkeley Student Organization, Bhagat Puran Singh Health Initiative (BPSHI) will be providing a health screening process for you with the following services
- Doctor consultation based on blood pressure, blood sugar, and BMI readings
- Health education to promote improved diet, better lifestyle, and wellness
- Advice on insurance enrollment (including MediCal/Medicare)
- Please come out! We look forward to having a conversation with you about health!

**October 21, 2018**
**Sukhmani Sahib Path and Langar Sewa by Gurughar*****

**October 28, 2018**
**Sri Sukhmani Sahib Path and Langar Sewa by Harjit Singh Rattu & Saroj Rattu**
Sri Sukhmani Sahib Path and Langar Sewa will be hosted by Harjit Singh Rattu and Saroj Rattu in celebration of their daughter (Granddaughter of Bhai Harbans Rattu and Bibi Gyan Rattu) Neha Rattu's 5th Birthday. May Waheguru bless Neha Rattu with happy healthy and long life

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਜਵਾਨਾਂ ਅਤੇ ਬੱਚਿਆਂ ਨੂੰ ਸਿੱਖੀ ਨਾਲ ਜੋੜਿਆ ਜਾ ਰਿਹਾ:- ਡਾ.ਸਰੋਆ

ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਗੁਰਮਤਿ ਪ੍ਰਚਾਰ ਲਹਿਰ ਤਹਿਤ ਨੌਜਵਾਨਾਂ ਅਤੇ ਬੱਚਿਆਂ ਨੂੰ ਸਿੱਖੀ ਨਾਲ ਜੋੜਿਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡਾ. ਪਰਮਜੀਤ ਸਿੰਘ ਸਰੋਆ ਦੋਆਬਾ ਜੋਨ ਨੇ ਅਜੀਤ ਦੇ ਅਮਰੀਕਾ ਸਥਿਤ ਦਫ਼ਤਰ ਵਿੱਚ ਗੱਲਬਾਤ ਕਰਦਿਆਂ ਕੀਤਾ।ਆਪਣੀ ਅਮਰੀਕਾ ਫੇਰੀ ਦੌਰਾਨ ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਘਰ-ਘਰ ਪਹੁੰਚ ਕਰਨ ਲਈ ਪੰਜਾਬ ਨੂੰ ਤਿੰਨ ਜੋਨਾਂ ਦੋਆਬਾ, ਮਾਝਾ ਅਤੇ ਮਾਲਵਾ ਵਿੱਚ ਵੰਡਿਆ ਗਿਆ ਹੈ। ਦੋਆਬਾ ਜੋਨ ਵਿੱਚ ਹੁਸ਼ਿਆਰਪੁਰ, ਨਵਾਂਸ਼ਹਿਰ, ਰੋਪੜ, ਮੋਹਾਲੀ ,ਚੰਡੀਗੜ੍ਹ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ ਤੋਂ ਇਲਾਵਾ ਸਮੁੱਚਾ ਹਿਮਾਚਲ ਪ੍ਰਦੇਸ਼ ਸ਼ਾਮਲ ਕੀਤਾ ਗਿਆ ਹੈ। ਦੋਆਬਾ ਜੋਨ ਦੇ 30 ਸ਼੍ਰੋਮਣੀ ਕਮੇਟੀ ਹਲਕਿਆਂ ਨੂੰ ਅੱਗੋਂ 15 ਜੋਨਾਂ ਵਿੱਚ ਵੰਡ ਕੇ ਪ੍ਰਚਾਰ ਪ੍ਰਸਾਰ ਦੇ ਕਾਰਜ ਜਾਰੀ ਹਨ। ਹੁਣ ਤੀਕ 750 ਦੇ ਕਰੀਬ ਪਿੰਡਾਂ ਵਿੱਚ ਗੁਰੂ ਘਰਾਂ, ਸਕੂਲਾਂ, ਸੱਥਾ ਅਤੇ ਕਲੱਬਾਂ ਵਿੱਚ ਦਸਤਕ ਦਿੱਤੀ ਜਾ ਚੁੱਕੀ ਹੈ। ਪ੍ਰਚਾਰ ਲਹਿਰ ਵਿੱਚ ਨਾਟਕ ਟੀਮਾਂ, ਧਾਰਮਿਕ ਫਿਲਮਾਂ ਦੀਆਂ ਵੈਨਾਂ, ਮੈਡੀਕਲ ਵੈਨਾਂ ਅਤੇ



ਧਾਰਮਿਕ ਅਸਥਾਨਾਂ ਦੀਆਂ ਯਾਤਰਾਵਾਂ ਲਈ ਵਾਤਾਅਨੁਕੂਲ ਬੱਸਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਹਫਤਾਵਾਰੀ ਸਮਾਗਮ ਦੌਰਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ। ਹੁਣ ਤੀਕ ਗੁਰਮਤਿ ਪ੍ਰਚਾਰ ਲਹਿਰ ਤਹਿਤ 50,000 ਤੋਂ ਉਪਰ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਚੁੱਕੇ ਹਨ। ਉਹਨਾਂ ਦੱਸਿਆਂ ਕਿ ਸ਼੍ਰੋਮਣੀ ਕਮੇਟੀ ਵੱਲੋਂ 125 ਤੋਂ ਉਪਰ ਵਿੱਦਿਅਕ ਸੰਸਥਾਵਾਂ ਵੀ ਸਫਲਤਾ ਨਾਲ ਚਲਾਈਆਂ ਜਾ ਰਹੀਆਂ ਹਨ ਜਿਹਨਾਂ ਵਿੱਚ ਦੋ ਯੂਨੀ-ਵਰਸਿਟੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 17 ਮਿਸ਼ਨਰੀ ਕਾਲਜ, ਢਾਡੀ ਕਾਲਜ ਅਤੇ ਲੁਧਿਆਣਾ ਵਿਖੇ ਗੂੰਗੇ ਬੋਲੇ ਬੱਚਿਆਂ ਲਈ ਇੱਕ ਸਕੂਲ ਵੀ ਚਲਾਇਆ ਜਾ ਰਿਹਾ ਹੈ। ਡਾ. ਸਰੋਆ ਯੂਬਾ ਸਿਟੀ ਵਿਖੇ ਉੱਘੇ ਸਿੱਖ ਦੀਦਾਰ ਸਿੰਘ ਬੈਂਸ ਦੀ ਮਿਜਾਜ ਪੁਰਸ਼ੀ ਲਈ ਆਏ ਸਨ। ਉਹ ਸਿੱਖ ਟੈਂਪਲ ਗੁਰਦੁ-ਆਰਾ ਯੂਬਾ ਸਿਟੀ ਅਤੇ ਸਿੱਖ ਟੈਂਪਲ ਵੈਸਟ ਸੈਕਰਾਮੈਂਟੋਂ ਵੀ ਨਤਮਸਤਕ ਹੋਏ। ਉਹਨਾਂ ਨੇ ਅਮਰੀਕਾ ਦੀਆਂ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਉਹਨਾਂ ਨਾਲ ਦੇਵਿੰਦਰ ਸਿੰਘ ਰਾਣਾ ਅਤੇ ਅਵਤਾਰ ਸਿੰਘ ਤੋਡ ਵੀ ਦਫ਼ਤਰ ਪੁੱਜੇ।

# ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਆਪਣੀ ਕਹਾਣੀ ਲਿਖੋ ਪ੍ਰੋਗਰਾਮ ਹੋਇਆ

**ਯੂਨੀਅਨ ਸਿਟੀ (ਪ੍ਰਵਾਨਾ)-** ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਆਪਣੀ ਕਹਾਣੀ ਲਿਖੋ ਆਸੀਨ ਪ੍ਰੋਗਰਾਮ ਵਿਚ ਅੰਗਰੇਜ਼ੀ ਲੇਖਕ ਹਾਜ਼ਰ ਹੋਏ, ਜ਼ਿਲ੍ਹਾ ਨੇ ਵਿਚਾਰ ਗੋਸ਼ਟੀ ਵਿਚ ਭਾਗ ਲਿਆ ਅਤੇ ਆਪਣੇ ਤਜਰਬੇ ਅਤੇ ਯਾਦਾਂ ਸਾਂਝੀਆਂ ਕਰਦੇ ਹੋਏ ਇਹਨਾਂ ਵਿਸ਼ਿਆਂ 'ਤੇ ਵਿਚਾਰ ਕੀਤਾ ਜਿਵੇਂ ਗਲਪ ਸਾਹਿਤ, ਗੈਰ ਗਲਪ ਸਾਹਿਤ, ਕਾਵਿ, ਗੀਤ-ਸੰਗੀਤ, ਸਾਇੰਸ, ਲੇਖ, ਨਾਟਕ ਕਲਾ ਆਦਿ। ਇਸ ਮੌਕੇ



ਪਰਮਿੰਦਰ ਸਿੰਘ ਪ੍ਰਵਾਨਾ, ਡੈਨਿਸ ਸਮਿੱਥ, ਰਿਟਾ ਕਿਬਿ-ਲਡਿਸ, ਯੈਨਿਸ਼ਾ ਮਾਸਨ, ਮੈਰੀ ਐਨੀ, ਸਟੇਸੀ ਸੋਬਰਸ, ਰੈਬਿਕਾ ਫਰੈਂਕਲਿਨ ਆਦਿ ਸਾਹਿਤਕਾਰ ਸ਼ਾਮਲ ਹੋਏ।

ਯਾਦ ਰਹੇ ਕਿ ਲਾਇਬ੍ਰੇਰੀ ਵੱਲੋਂ ਅਜਿਹੇ ਮੁਫਤ ਪ੍ਰੋਗਰਾਮ ਸਮੇਂ-ਸਮੇਂ ਆਯੋਜਿਤ ਕੀਤੇ ਜਾਂਦੇ ਹਨ। ਹਰ ਕੋਏ ਆਪਣੀ ਖੇਤਰੀ ਲਾਇਬ੍ਰੇਰੀ ਤੋਂ ਅਜਿਹੇ ਪ੍ਰੋਗਰਾਮਾ ਦਾ ਲਾਭ ਉਠਾ ਸਕਦਾ ਹੈ। ਅਜਿਹਾ ਕਰਨ ਨਾਲ ਸਾਂਝੇ ਸਾਹਿਤ ਸਭਿਆਚਾਰ ਦਾ ਆਦਾਨ ਪ੍ਰਦਾਨ ਹੁੰਦਾ ਹੈ। ਆਪਣੀ



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਸਤੰਬਰ ਮਹੀਨੇ ਦੇ ਪ੍ਰੋਗਰਾਮ

27 ਸਤੰਬਰ ਵੀਰਵਾਰ ਤੋਂ 29 ਸਤੰਬਰ ਸਨਿਚਰਵਾਰ 10 ਅਖੰਡ ਪਾਠ ਸਾਹਿਬ। 1. ਮਾਸਟਰ ਜਗੀਰ ਸਿੰਘ, 2. ਰਾਜਿੰਦਰ ਸਿੰਘ ਜੌਹਲ, 3. ਬਲਕਾਰ ਸਿੰਘ ਜੌਹਲ, 4. ਜਗਜੀਤ ਸਿੰਘ ਸੰਧੂ, 5. ਤਾਰਾ ਸਿੰਘ ਮਾਹਿਲ, 6. ਜਸਵਿੰਦਰ ਸਿੰਘ, 7. ਅਮਰੀਕ ਸਿੰਘ ਸਹੋਤਾ, 8. ਗਿਆਨੀ ਲਕਸ਼ਮਨ ਸਿੰਘ ਬੱਲ, 9. ਹਰਸਿਮਰਨਜੀਤ ਸਿੰਘ, 10. ਜੋਰਾਵਰ ਸਿੰਘ ਸੰਧੂ।

29 ਸਤੰਬਰ ਸ਼ਨਿਚਰਵਾਰ ਤੋਂ 1 ਅਕਤੂਬਰ ਸੋਮਵਾਰ 10 ਅਖੰਡ ਪਾਠ ਸਾਹਿਬ। 1. ਬਲਬੀਰ ਸਿੰਘ ਸੋਹਲ, 2. ਕਮਲਜੀਤ ਸਿੰਘ ਸੋਹਲ, 3. ਹਰਭਜਨ ਸਿੰਘ ਸੰਧੂ, 4. ਅਮਰਜੀਤ ਕੌਰ ਬੈਂਸ, 5. ਗੁਰਨਾਨਕ ਸਿੰਘ, 6. ਮੋਹਨ ਸਿੰਘ ਕੰਗ, 7. ਜਸਵਿੰਦਰ ਕੌਰ ਧੁੱਗਾ, 8. ਸੰਤੋਖ ਸਿੰਘ ਧਰਨੀ, 8. ਭਜਨ ਸਿੰਘ ਦੁਸਾਂਝ, 10. ਗੁਰਦੀਪ ਸਿੰਘ ਚੌਹਾਨ।

# ਜੀ ਐਚ ਜੀ ਅਕੈਡਮੀ ਦੀ ਵਿਸ਼ੇਸ਼ ਮੀਟਿੰਗ 'ਤੇ ਕੀਤਾ ਵਿੱਤੀ ਲੇਖਾ-ਜੋਖਾ





**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਬੀਤੇ ਦਿਨੀ ਜੀ ਐਨ ਜੀ ਅਕੈਡਮੀ ਦੇ ਸਮੂੰਹ ਮੈਂਬਰਾਂ ਅਤੇ ਬੱਚਿਆ ਦੀ ਇਕ ਵਿਸ਼ੇਸ਼ ਮੀਟਿੰਗ ਹੋਈ। ਜਿਸ ਦੀ ਸੁਰੂਆਤ ਪਰਮਜੀਤ ਧਾਲੀਵਾਲ ਨੇ ਸਭ ਨੂੰ ਜੀ ਆਇਆ ਕਹਿਣ ਨਾਲ ਕੀਤੀ।

ਇਸ ਸਮੇਂ ਅਕੈਡਮੀ ਦੀਆਂ ਸਮੂੰਹ ਗਤੀਵਿਧੀਆਂ ਅਤੇ ਵਿੱਤੀ ਲੇਖੇ-ਜੋਖੇ ਸੰਬੰਧੀ ਵਿਚਾਰਾਂ ਹੋਈਆਂ। ਸੁਖਵਿੰਦਰ ਸਿੰਘ ਸਰੋਏ ਅਤੇ ਬਸੰਤ ਸਿੰਘ ਧਾਲੀਵਾਲ ਨੇ ਬੀਤੇ ਸਾਲ ਦਾ ਵਿੱਤੀ ਬਜ਼ਟ ਪੇਸ਼ ਕੀਤਾ। ਜਿਸ ਸੰਬੰਧੀ ਸੁਖਦੇਵ ਸਿੰਘ ਚੀਮਾ ਨੇ ਸੁਝਾਅ ਦਿੰਦੇ ਹੋਏ ਵਿਚਾਰਾ ਦੀ ਸਾਂਝ ਪਾਈ। ਇਸ ਪੇਸ਼ ਕੀਤੇ ਬਜ਼ਟ ਸੰਬੰਧੀ ਸਭ ਨੇ ਸਹਿਮਤੀ ਪ੍ਰਗਟਾਈ।

ਇਸੇ ਤਰ੍ਹਾਂ ਤਹਿ ਕੀਤਾ ਗਿਆ ਕਿ ਅਗਲੇ ਸਾਲ ਦਾ ਵਿਰਾਸਤੀ ਖੇਡ ਮੇਲਾ 9 ਮਾਰਚ 2019 ਨੂੰ ਹੋਵੇਗਾ। ਜਦਕਿ ਸਲਾਨਾ ਕੈਂਪ 5 ਜੁਲਾਈ ਤੋਂ 19 ਜੁਲਾਈ ਤੱਕ ਹੋਵੇਗਾ। ਅੰਤਰ-ਰਾਸ਼ਟਰੀ ਯੁਵਕ ਮੇਲਾ 20 ਜੁਲਾਈ ਨੂੰ ਕਰਵਾਇਆਂ ਜਾਵੇਗਾ।

ਮੁੱਖ ਗਿੱਧਾ ਕੋਚ ਸਗਨਦੀਪ ਕੌਰ ਵੜੈਚ ਨੇ ਸਾਰਾ ਸਾਲ ਬੱਚਿਆ ਲਈ ਚੱਲਣ ਵਾਲੇ ਸਿਖਲਾਈ ਪ੍ਰੋਗਰਾਮਾਂ 'ਤੇ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਸੰਸਥਾ ਦੇ ਅਣਥੱਕ ਮੈਂਬਰ ਉਦੇਦੀਪ ਸਿੰਘ ਸਿੱਧੂ ਨੇ ਸਭ ਹਾਜ਼ਰੀਨ ਦਾ ਅੰਤ ਧੰਨਵਾਦ ਕੀਤਾ। ਇਸ ਸਮੇਂ ਹੋਰ ਬਹੁਤ ਸਾਰੇ ਮੈਂਬਰਾਂ ਅਤੇ ਬੱਚਿਆ ਨੇ ਹਾਜ਼ਰੀ ਭਰੀ ਅਤੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

ਪਿੰਡ ਦੁਪਾਲ ਪੁਰ ਦੇ ਅਗਾਂਹਵਧੂ ਸੋਚ ਵਾਲ਼ੇ ਨੌਜਵਾਨ ਸਰਪੰਚ ਸਰਦਾਰ ਗੁਰਬਚਨ ਸਿੰਘ ਲੌਂਗੀਆ, ਜੋ ਸ੍ਰੀ ਅੰਗਦ ਸਿੰਘ ਐਮ.ਐਲ.ਏ ਨਵਾਂ ਸ਼ਹਿਰ ਦੇ ਸੱਜੀ-ਖੱਬੀ ਬਾਂਹ ਸਮਝੇ ਜਾਂਦੇ ਹਨ, ਬੀਤੇ ਦਿਨੀਂ ਬਲਾਕ ਸੰਮਤੀ ਨਵਾਂ ਸ਼ਹਿਰ ਦੇ ਮੈਂਬਰ ਵੀ ਚੁਣੇ ਗਏ ਹਨ !

**ਫੋਟੋ ਤੇ ਸੂਚਨਾ- ਤਰਲੋਚਨ ਸਿੰਘ ਦੁਪਾਲਪੁਰ**



ਗੁਰਬਚਨ ਸਿੰਘ

'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖ਼ਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.org

## Matrimonials

### ਲੜਕੀ ਦੀ ਲੋੜ

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ। ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND) Presently on Teaching job in Pvt.Inst. Contact NRI only.
Minimum Degree (Med/Non-Med/Engg.) Doaba Area Preffered
Family Detail:
Father: Civil Engineer, Mother: House Wife
2 Brothers: (Civil Engineers)
Cell: +91-9877505351,
WhatsApp: +91-8054208733

# ਨਿਊ ਜਰਸੀ ਦੇ ਸਿੱਖ ਅਟਾਰਨੀ ਜਨਰਲ ਬਾਰੇ ਭੱਦੀ ਟਿਪਣੀ ਕਰਨ 'ਤੇ ਸ਼ੈਰਫ ਵਲੋਂ ਅਸਤੀਫਾ

**ਨਿਊ ਜਰਸੀ (ਹੁਸਨ ਲੜੋਆ ਬੰਗਾ)-** ਸਭ ਤੋਂ ਵੱਧ ਆਬਾਦੀ ਵਾਲੇ ਨਿਊ ਜਰਸੀ ਸ਼ਹਿਰ ਦੇ ਸ਼ੈਰਿਫ ਨੂੰ ਉਸ ਵੇਲੇ ਅਸਤੀਫਾ ਦੇ ਕੇ ਜਾਣ ਛਡਾਉਣੀ ਪਈ ਜਦੋਂ ਉਸਨੂੰ ਕਿਸੇ ਥਾਂ ਗੁਪਤ ਤੌਰ ਤੇ ਨਿਊ ਜਰਸੀ ਦੇ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਬਾਰੇ ਭੱਦੀ ਟਿਪਣੀ ਕਰਨ ਤੇ ਫੜਿਆ ਗਿਆ। ਬਰਗਨ ਕਾਉਂਟੀ ਦੇ ਸ਼ੈਰਿਫ਼ ਮਾਈਕਲ ਸੌਦੀਨੋ ਨੇ ਇਹ ਕਹਿ ਦਿੱਤਾ ਕਿ ਰਾਜ ਦੇ ਅਟਾਰਨੀ ਜਨਰਲ ਵਜੋਂ ਸੇਵਾ ਕਰਨ ਵਾਲੇ ਪਹਿਲੇ ਸਿੱਖ ਅਮਰੀਕੀ ਗੁਰਬੀਰ ਗਰੇਵਾਲ ਨੂੰ ਕੇਵਲ "ਪੱਗ" ਕਰਕੇ ਹੀ ਨਿਯੁਕਤ ਕੀਤਾ ਗਿਆ ਹੈ, ਜਿਸ ਤੇ ਬਵਾਲ ਖੜਾ ਹੋ ਗਿਆ ਤੇ ਗਵਰਨਰ ਨਿਊ ਜਰਸੀ ਫਿਲ ਮਰਫੀ ਵੀ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਦੇ ਨਾਲ ਖੜੇ ਨਜਰ ਆਏ ਤੇ ਸ਼ੈਰਫ ਤੋਂ ਅਸਤੀਫੇ ਦੀ ਮੰਗ ਕੀਤੀ।





ਸ਼ੈਰਫ ਸੌਦੀਨੋ ਨੇ ਨਿਊ ਜਰਸੀ ਗਵਰਨਰ ਫਿਲ ਮਰਫੀ ਦੀਆਂ ਨੀਤੀਆਂ ਦੀ ਵੀ ਅਲੋਚਨਾ ਕੀਤੀ ਸੀ।

ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੇ ਟਵਿੱਟਰ 'ਤੇ ਇਕ ਬਿਆਨ ਵਿਚ ਸ਼ੁੱਕਰਵਾਰ ਨੂੰ ਇਕ ਬਿਆਨ ਵਿਚ ਕਿਹਾ ਸੀ ਕਿ "ਸ਼ੈਰਿਫ ਸੌਦੀਨੋ ਦਾ ਅਸਤੀਫ਼ਾ ਇਕ ਬਹੁਤ ਮਹੱਤਵਪੂਰਨ ਪਹਿਲਾ ਕਦਮ ਹੈ, ਜਿਸ ਵਿਚ ਬਰਗਨ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਅਤੇ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸੰਬੰਧਾਂ ਦੀ ਮੁਰੰਮਤ ਕੀਤੀ ਜਾ ਸਕਦੀ ਹੈ। ਗਵਰਨਰ ਨਿਊ ਜਰਸੀ ਨੇ ਕਿਹਾ ਕਿ "ਅਸੀਂ ਹੁਣ ਬਰਗਨ ਕਾਊਟੀ ਸ਼ੈਰਿਫ਼ ਦੇ ਦਫਤਰ ਵਿੱਚ ਵਿਸ਼ਵਾਸ ਬਹਾਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਾਂ, ਜਿਸਦਾ ਅਨੁਸ਼ਾਸਨ ਭੰਗ ਕੀਤਾ ਗਿਆ ਸੀ," ਗਵਰਨਰ ਮਰਫੀ ਨੇ ਇੱਕ ਬਿਆਨ ਵਿੱਚ ਸ਼ੁੱਕਰਵਾਰ ਨੂੰ ਕਿਹਾ. "ਅਤੇ ਅਸੀਂ ਇਹ ਯਕੀਨੀ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਾਂ ਕਿ ਸਾਬਕਾ ਸ਼ੈਰਿਫ਼ ਨੂੰ ਬਰ੍ਗਨ ਕਾਊਂਟੀ ਸ਼ੈਰਿਫ ਦੇ ਦਫ਼ਤਰ ਦੇ ਕਿਸੇ ਵੀ ਕੋਨੇ ਵਿੱਚ - ਹੁਣ ਜਾਂ ਭਵਿੱਖ ਵਿੱਚ ਕੋਈ ਜਗਾ ਨਹੀਂ ਦਿੱਤੀ ਜਾ ਸਕਦੀ। "ਸ਼ੈਰਫ ਸੌਦੀਨੋ ਦੇ ਅਸਤੀਫੇ ਦੇ ਨਾਲ ਚਾਰ ਅੰਡਰ ਸ਼ੈਰਫ ਨੇ ਵੀ ਅਸਤੀਫਾ ਦੇ ਦਿੱਤਾ।

ਸਿੱਖ ਕੋਲੀਸ਼ਨ ਨੇ ਵੀ ਵੀਰਵਾਰ ਨੂੰ ਸ਼ੈਰਫ ਸੌਡੀਨੋ ਨੂੰ ਅਸਤੀਫਾ ਦੇਣ ਲਈ ਕਿਹਾ ਸੀ, ਸਿੱਖ ਕੌਲੀਸ਼ਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ "ਅਸੀਂ ਸ਼ੈਰਿਫ ਸੌਦੀਨੋ ਦੀਆਂ ਟਿੱਪਣੀਆਂ ਦੁਆਰਾ ਪ੍ਰਭਾਵਿਤ ਭਾਈਚਾਰਿਆਂ ਦੀ ਤਰਫੋਂ ਬਰਗਨ ਕਾਉਂਟੀ ਸ਼ੈਰਿਫ਼ ਦੇ ਦਫਤਰ ਚ ਲਗਾਏ ਗਏ ਸਾਰੇ ਸਟਾਫ ਮੈਂਬਰਾਂ ਲਈ ਸਭਿਆਚਾਰਕ ਜਾਗਰੂਕਤਾ ਅਤੇ ਵਿਰੋਧੀ ਤੇ ਪੱਖਪਾਤ ਰਵੱਈਏ ਪ੍ਰਤੀ ਸਿਖਲਾਈ ਲਈ ਵੀ ਅਪੀਲ ਕਰ ਰਹੇ ਹਾਂ। ਵੀਰਵਾਰ ਦੀ ਰਾਤ ਨੂੰ, ਸ਼ੈਰਫ ਸੌਦੀਨੋ ਨੇ ਆਪਣੀ ਨਸਲਵਾਦੀ ਟਿੱਪਣੀ ਉੱਤੇ ਗੱਲ ਕੀਤੀ, ਪਰ ਆਪਣੇ ਅਸਤੀਫੇ ਦੀ ਮੰਗ ਬਾਰੇ ਕੁਝ ਵੀ ਨਹੀਂ ਕਿਹਾ ਸੀ।. ਉਨ੍ਹਾਂ ਦੇ ਬਿਆਨ ਨੇ ਲਿਖਿਆ ਹੈ, "ਉਹ ਬੈਨਜਨ ਕਾਊਂਟੀ ਦੇ ਵਸਨੀਕਾਂ ਨੂੰ ਸੇਵਾ ਦੇ 46 ਸਾਲਾਂ ਦੀ ਸੇਵਾ ਦੇ ਤੌਰ 'ਤੇ ਜਿਸ ਢੰਗ ਨਾਲ ਮੈਂ ਆਪਣੀ ਜ਼ਿੰਦਗੀ ਨਿੱਜੀ ਤੌਰ' ਤੇ ਕਰਵਾਇਆ ਹੈ ਅਤੇ ਕਾਨੂੰਨ ਲਾਗੂ ਕਰਨ ਵਾਲੇ ਪੇਸ਼ੇਵਰ ਵਜੋਂ ਇਕਸਾਰ ਨਹੀਂ ਹੈ।"

ਇਸ ਤੋਂ ਪਹਿਲਾਂ ਵੱਖ ਵੱਖ ਭਾਈਚਾਰਿਆਂ ਦੇ ਨੇਤਾਵਾਂ ਨੂੰ ਸਿੱਧੇ ਤੌਰ 'ਤੇ ਪਹੁੰਚ ਕਰਕੇ ਨਿੱਜੀ ਤੌਰ' ਤੇ ਮਾਫ਼ੀ ਮੰਗਣ ਦੀ ਗੱਲ ਵੀ ਸ਼ੈਰਫ ਸੌਦੀਨੋ ਨੇ ਕਿਹਾ.। ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਜੋ ਕਿ ਸਾਬਕਾ ਗਵਰਨਰ ਕ੍ਰਿਸ ਕ੍ਰਿਸਟੀ ਦੁਆਰਾ ਬਰਗਨ ਦੇ ਵਕੀਲ ਵਜੋਂ ਨਿਯੁਕਤ ਕੀਤੇ ਗਏ ਸਨ ਅਤੇ ਡੇਮੋਕ੍ਰੇਟ, ਗਵਰਨਰ ਮਰਫ਼ੀ ਦੁਆਰਾ ਅਟਾਰਨੀ ਜਨਰਲ ਨਾਮਜਦ ਕੀਤਾ ਗਿਆ ਸੀ । ਇਸ ਤੋਂ ਪਹਿਲਾਂ ਪਿਛੇ ਜਿਹੇ ਦੋ ਰੇਡੀਓ ਹੋਸਟਾਂ ਦੁਆਰਾ ਵੀ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਬਾਰੇ ਟਿੱਪਣੀਆਂ ਕੀਤੀਆਂ ਗਈਆਂ ਸਨ।ਇਸ ਦੌਰਾਨ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੂੰ "ਪੱਗ ਬੰਨ੍ਹਣ ਵਾਲਾ" ਵਾਰ ਵਾਰ ਬੁਲਾਉਣ ਲਈ 10 ਦਿਨ ਦੀ ਤਨਖਾਹ ਤੋਂ ਬਗੈਰ, ਨਿਊ ਜਰਸੀ ਦੇ 101.5 ਤੇ ਦੋ ਹੋਸਟਾਂ ਨੂੰ ਇੱਕ ਸਟੇਸ਼ਨ ਤੇ ਮੁਅੱਤਲ ਕਰ ਦਿੱਤਾ ਗਿਆ।

# ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ 7 ਅਕਤੂਬਰ ਨੂੰ ਹੋਵੇਗਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):-** ਯਮਲਾ ਜੱਟ ਫਾਊਡੇਸ਼ਨ ਦੇ ਮੁੱਖ ਮੈਂਬਰਾ ਦੀ ਬੀਤੇ ਦਿਨੀ ਇੱਕ ਅਹਿਮ ਮੀਟਿੰਗ ਹੋਈ। ਇਸ ਮਟਿੰਗ ਵਿੱਚ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ ਮੇਲੇ ਦੇ ਸਬੰਧਤ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਾਲ ਮੇਲਾ 7 ਅਕਤੂਬਰ 2018 ਦਿਨ ਐਤਵਾਰ ਦੁਪਿਹਰ 12 ਵਜੇ ਤੇ ਲੈ ਕੇ ਸਾਮ 6 ਵਜੇ ਤੱਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਪਿਛਲੇ ਸਾਲ ਦੀ ਤਰ੍ਹਾਂ ਮਨਇਆ ਜਾਵੇਗਾ। ਇਸ ਸਾਲ ਇਹ ਮੇਲਾ ਲਾਲ ਚੰਦ ਯਮਲਾ ਜੱਟ ਜੀ ਦੇ ਸਪੁੱਤਰ ਮਰਹੂਮ ਗਾਇਕ ਜਸਦੇਵ ਯਮਲਾ ਦੀ ਮਿੱਠੀ ਯਾਦ ਨੂੰ ਸਮਰਪਿਤ ਕਰਨ ਦਾ ਕਮੇਟੀ ਵੱਲੋ ਅਹਿਮ ਫੈਸਲਾ ਕੀਤਾ ਗਿਆ ਹੈ। ਜਿੰਨ੍ਹਾਂ ਬੀਤੇ ਕਈ ਮੇਲਿਆਂ ਵਿੱਚ ਸੱਦੇ 'ਤੇ ਭਾਰਤ ਤੋਂ ਇੱਥੇ ਸਿਰਕਤ ਕਰਕੇ ਆਪਣੀ ਵਿਰਾਸਤੀ ਗਾਇਕੀ ਰਾਹੀ ਅਮਰੀਕਾਂ ਵੱਚ ਸਥਾਨਕ ਭਾਈਚਾਰੇ ਦੇਂ ਦਲਾਂ ਵੱਚਾਂ ਵਸ਼ੇਸ਼ ਥਾਂ ਬਣਾਈ। ਇਸ ਮੇਲੇ ਵਿੱਚ ਬਹੁਤ ਸਾਰੇ ਨਾਮਵਰ ਗਇਕ ਵੀ ਪਹੁੰਚ ਰਹੇ ਹਨ। ਜਿੰਨ੍ਹਾਂ ਵਿੱਚ ਵਿਸ਼ੇਸ਼ ਲੋਕਾ ਦੀ ਪੁਰਜ਼ੋਰ ਮੰਗ 'ਤੇ ਬਰਜਿੰਦਰ ਮਚਲਾ ਜੱਟ, ਬੁਲੰਦ ਆਵਾਜ਼ ਅਤੇ ਕਲਮ ਦੇ ਧਨੀ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਐਚ. ਐਸ. ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣਾ ਗਿੱਲ, ਕਾਂਤਾ ਸਹੋਤਾ, ਉਕਾਰ ਗਿੱਲ, ਪੱਪੂ ਬਰਾੜ, ਸੁਲਤਾਨ ਅਖਤਰ, ਅਕਾਸਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿਕ ਹਮੇਸ਼ਾ ਵਾਂਗ ਆਪਣੀ ਗਾਇਕੀ ਦਾ ਰੰਗ ਬੰਨਣਗੇ। ਇਸ ਮੇਲੇ ਵਿੱਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾ ਨੂੰ ਖਾਸ ਤੌਰ 'ਤੇ ਖੁੱਲੇ ਅਖਾੜੇ ਵਿੱਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿੱਚ ਦਾਖਲਾ ਅਤੇ ਲੰਗਰਾ ਦਾ ਫਰੀ ਪ੍ਰਬੰਧ ਹੋਵੇਗਾ। ਇਸੇ ਤਰ੍ਹਾਂ ਬੱਚਿਆਂ ਅਤੇ ਬੀਬੀਆਂ ਦੇ ਬੈਠਣ ਲਈ ਵੀ ਉਚੇਚੇ ਪ੍ਰਬੰਧ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਰਾਜਿੰਦਰ ਬਰਾੜ ਨਾਲ ਫੋਨ (559) 824-9028 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਦਲਿਤ ਔਰਤ ਬਣੀ ਅਮਰੀਕੀ ਕੋਰਟ ਵਿਚ ਪਹਿਲੀ ਜੱਜ

**ਨਵੀਂ ਦਿੱਲੀ-** ਅਮਰੀਕਾ ਵਿਚ ਸੁਪਰੀਮ ਕੋਰਟ ਆਫ ਕੈਲੇਫੋਰਨੀਆ ਦੀ ਸਟੇਟ ਬਾਰ ਸਾਨਫਰਾਂਸਿਸਕੋ ਕੋਰਟ ਤੋਂ ਪਹਿਲੀ ਵਾਰ ਭਾਰਤੀ ਮੂਲ ਦੀ ਦਲਿਤ ਔਰਤ ਦੀ ਨਿਯੁਕਤੀ ਹੋਈ ਹੈ। ਡਾ. ਸੰਤ ਪ੍ਰਕਾਸ਼ ਚਾਵਲਾ ਦੀ ਪੁੱਤਰੀ ਮੰਜਰੀ ਚਾਵਲਾ ਨੇ ਭਾਰਤ ਦਾ ਨਾਂ ਰੌਸ਼ਨ ਕਰਦੇ ਹੋਏ ਸਾਨਫਰਾਂਸਿਸਕੋ ਕੋਰਟ ਵਿਚ ਜੱਜ ਦੀ ਸਹੁੰ ਚੁੱਕੀ। ਮੰਜਰੀ ਦੇ ਪਿਤਾ ਅਮਰੀਕਾ ਵਿਚ ਪ੍ਰਸਿੱਧ ਕੈਂਸਰ ਦੇ ਡਾਕਟਰ ਹਨ। ਮੰਜਰੀ ਦੇ ਜੱਜ ਬਣਨ ਤੇ ਬਹੁਜਨ ਸਮਾਜ ਵਿਚ ਖੁਸ਼ੀ ਦੀ ਲਹਿਰ ਹੈ। ਲੋਕਾਂ ਨੇ ਕਿਹਾ ਕਿ ਜੇਕਰ ਮੌਕਾ ਮਿਲੇ ਤਾਂ ਦਲਿਤ ਲੜਕੇ-ਲੜਕੀਆਂ ਦੇਸ਼-ਵਿਦੇਸ਼ ਵਿਚ ਸਫਲਤਾ ਦਾ ਝੰਡਾ ਲਹਿਰਾ ਸਕਦੇ ਹਨ।



# 73ਵੇਂ ਇਜਲਾਸ 'ਚ ਸੁਸ਼ਮਾ ਸਵਰਾਜ ਸੰਯੁਕਤ ਰਾਸ਼ਟਰ ਦੀ ਆਮ ਸਭਾ ਲਈ ਬੀਤੇ ਦਿਨ ਨਿਊਯਾਰਕ ਪੁੱਜੇ

**ਨਿਊਯਾਰਕ, (ਰਾਜ ਗੋਗਨਾ)-** ਬੀਤੇ ਦਿਨ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਸੰਯੁਕਤ ਰਾਸ਼ਟਰ ਆਮ ਸਭਾ ਦੇ 73ਵੇਂ ਇਜਲਾਸ 'ਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਇਥੇ ਪੁੱਜ ਗਏ ਹਨ। ਉਹ ਪਾਕਿਸਤਾਨ ਨੂੰ ਛੱਡ ਕੇ ਹੋਰ ਮੁਲਕਾਂ ਦੇ ਆਗੂਆਂ ਨਾਲ ਦੁਵੱਲੀ ਗੱਲਬਾਤ ਵੀ ਕਰਨਗੇ। ਸ੍ਰੀਮਤੀ ਸਵਰਾਜ ਵੱਲੋਂ 29 ਸਤੰਬਰ ਨੂੰ ਸਵੇਰੇ ਆਮ ਸਭਾ ਨੂੰ ਸੰਬੋਧਨ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਸੰਯੁਕਤ ਰਾਸ਼ਟਰ ਦੇ ਅਧਿਕ-ਾਰੀਆਂ ਸਮੇਤ ਹੋਰ ਆਗੂਆਂ ਨਾਲ ਵੀ ਮੁਲਾਕਾਤ ਕੀਤੀ ਜਾਵੇਗੀ। ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਨੁਮਾਇੰਦੇ ਸੱਯਦ ਅਕ-ਬਰੂਦੀਨ ਨੇ ਟਵੀਟ ਕਰਕੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਨਿਊਯਾਰਕ 'ਚ ਪੁੱਜਣ ਦੀ ਜਾਣਕਾਰੀ ਦਿੱਤੀ। ਆਮ ਸਭਾ 'ਚ ਬਹਿਸ 25 ਸਤੰਬਰ ਤੋਂ ਸ਼ੁਰੂ ਹੋਵੇਗੀ। ਸੰਯੁਕਤ ਰਾਸ਼ਟਰ ਦੇ 193 ਮੈਂਬਰਾਂ ਦੇ ਆਲਮੀ ਆਗੂ ਇਥੇ ਆਮ ਸਭਾ ਨੂੰ ਸੰਬੋਧਨ ਕਰਨਗੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 25 ਸਤੰਬਰ ਨੂੰ ਆਮ ਸਭਾ ਨੂੰ ਦੂਜੀ ਵਾਰ ਸੰਬੋਧਨ ਕਰਨਗੇ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਟਵੀਟ ਕਰਕੇ ਕਿਹਾ ਕਿ ਸੁਸ਼ਮਾ ਸਵਰਾਜ ਦੇ ਨਿਊਯਾਰਕ 'ਚ ਪੁੱਜਣ ਨਾਲ ਇਕ ਸਪਤਾਹ ਲਈ ਕੂਟਨੀਤੀ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਤੋਂ ਪਹਿਲਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਬੈਠਕ ਦੀ ਤਜਵੀਜ਼ ਮਗਰੋਂ ਭਾਰਤ ਨੇ ਇਸ ਨੂੰ ਸਵੀਕਾਰ ਕਰ ਲਿਆ ਸੀ ਅਤੇ ਸ੍ਰੀਮਤੀ ਸਵਰਾਜ ਨੇ ਪਾਕਿ-ਸਤਾਨੀ ਹਮਰੁਤਬਾ ਸ਼ਾਹ ਮਹਿ-ਮੂਦ ਕੁਰੈਸ਼ੀ ਨਾਲ ਆਮ ਸਭਾ ਤੋਂ ਅੱਡ ਇਥੇ ਮੁਲਾਕਾਤ ਕਰਨੀ ਸੀ ਪਰ ਜੰਮੂ ਕਸ਼ਮੀਰ 'ਚ ਤਿੰਨ ਪੁਲੀਸ ਕਰਮੀਆਂ ਦੀ ਬੇਰਹਿਮੀ ਨਾਲ ਹੱਤਿਆ ਅਤੇ ਦਹਿਸ਼ਤ-ਗਰਦ ਬੁਰਹਾਨ ਵਾਨੀ ਨੂੰ ਵਡਿਆਉਂਦੀ ਟਿਕਟ ਜਾਰੀ ਕਰਨ 'ਤੇ ਇਹ ਵਾਰਤਾ ਰੱਦ ਕਰ ਦਿੱਤੀ ਗਈ। ਕੁਰੈਸ਼ੀ ਵੱਲੋਂ 29 ਸਤੰਬਰ ਦੁਪਹਿਰ ਨੂੰ ਸੰਯੁਕਤ ਰਾਸ਼ਟਰ ਆਮ ਸਭਾ ਇਜਲਾਸ ਨੂੰ ਸੰਬੋਧਨ ਕੀਤਾ ਜਾਵੇਗਾ।



# ਹੋਬੋਕਨ, ਨਿਊ ਜਰਸੀ ਮੇਅਰ ਰਵੀ ਸਿੰਘ ਭੱਲਾ ਨੇ, ਵਿੱਤ ਬੋਰਡ ਦੇ ਅੱਠ ਸਾਲ ਲੰਬੇ ਵਿਵਾਦ ਨੂੰ ਕੀਤਾ ਖਤਮ

**ਹੋਬੋਕਨ, ਨਿਊ ਜਰਸੀ,(ਹੁਸਨ ਲੜੋਆ ਬੰਗਾ)** ਹੋਬੋਕਨ, ਨਿਊ ਜਰਸੀ ਦੇ ਮੇਅਰ ਰਵੀ ਭੱਲਾ ਅਤੇ ਰਾਜ ਦੇ ਲੋਕਲ ਵਿੱਤ ਬੋਰਡ ਨੇ ਹਾਲ ਹੀ ਵਿਚ ਆਪਣੇ ਅੱਠ ਸਾਲਾਂ ਤੋਂ ਚਲੇ ਆ ਰਹੇ ਵਿਵਾਦ ਨੂੰ ਖਤਮ ਕਰਨ ਦਾ ਸਮਝੌਤਾ ਕੀਤਾ ਹੈ।ਰਵੀ ਸਿੰਘ ਭੱਲਾ, ਇੱਕ ਪ੍ਰਮੁੱਖ ਅਮਰੀਕੀ ਸ਼ਹਿਰ ਦੇ ਪਹਿਲੇ ਭਾਰਤੀ ਅਮ-ਰੀਕਨ ਸਿੱਖ ਮੇਅਰ ਹਨ ਨੇ ਜ਼ੋਰ ਦੇ ਕੇ ਕਿਹਾ ਉਨਾਂ ਨੇ ਇਹ ਲੰਬੇ ਸਮੇਂ ਦੇ ਵਿਵਾਦ ਨੂੰ ਖਤਮ ਕਰਨ ਦੌਰਾਨ ਕੋਈ ਉਲੰਘਣਾ ਨਹੀਂ ਕੀਤੀ।ਨਿਊ ਜਰਸੀ ਜਰਨਲ ਦੁਆਰਾ ਪ੍ਰਾਪਤ ਇਕਰਾਰਨਾਮੇ ਦੀ ਇਕ ਕਾਪੀ ਦੇ ਅਨੁਸਾਰ, ਦੋਵਾਂ ਧਿਰਾਂ ਨੇ 22 ਅਗਸਤ ਨੂੰ ਇਸ ਮਾਮਲੇ ਨੂੰ ਨਿਪਟਾ ਦਿੱਤਾ ਸੀ,ਤੇ ਲੋਕਲ ਵਿੱਤ ਬੋਰਡ ਨੇ ਇਸ ਸਮਝੌਤੇ ਨੂੰ ਖਤਮ ਕਰਨ ਲਈ ਸਹਿਮਤੀ ਪ੍ਰਗਟ ਕੀਤੀ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੱਠ ਸਾਲ ਦੀ ਲੜਾਈ ਵਿੱਚ ਘੱਟ ਤੋਂ ਘੱਟ 17,223ਡਾਲਰ ਦੀ ਕਾਨੂੰਨੀ ਫੀਸ ਸੀ ਜੋ ਸਿਟੀ ਕੌਂਸਲ ਕੋਲ ਬਿੱਲ ਪਾਸ ਕਰਨ ਲਈ ਪਹੁੰਚਿਆ ਪਰ ਇਸ ਤੋਂ ਪਹਿਲਾਂ ਇਕ ਵਾਰ ਇਹ ਖਾਰਜ ਕਰ ਦਿੱਤਾ ਗਿਆ ਸੀ।ਰਵੀ ਸਿੰਘ ਭੱਲਾ ਨੇ ਕਿਹਾ ਕਿ ਮੈਂ ਖੁਸ਼ ਹਾਂ ਕਿ ਸਥਾਨਕ ਫਾਈਨਾਂਸ ਬੋਰਡ ਨੇ ਵੀ ਇਹਨਾਂ ਸ਼ਿਕਾਇਤਾਂ ਨੂੰ ਖਾਰਜ ਕਰਨ ਵਿੱਚ ਮੱਦਦ ਕੀਤੀ ਹੈ।




A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service



9:00 AM to 6:00 PM Mon-Sat

Ph: 916-238-4431

649 W. Elkhorn Blvd. Suite B2

Rio Linda, CA 95673



Amarjit Sandhu

ਦੇਸ਼ ਦੁਆਬਾ

# ਡਾ. ਅੰਬੇਦਕਰ ਦੀ ਵਿਚਾਰਧਾਰਾ ਤੇ ਭਰਮਾਊ ਹਮਲੇ

ਭਾਰਤ ਰਤਨ ਡਾ. ਭੀਮਰਾਓ ਰਾਮਜੀ ਅੰਬੇਡਕਰ ਨੂੰ ਅੱਜ ਸਾਰੀ ਦੁਨੀਆਂ ਵਿਸ਼ਵ ਦੇ ਮਹਾਨ ਵਿਦਵਾਨਾਂ ਵਿਚੋਂ ਇਕ ਮੰਨ ਚੁੱਕੀ ਹੈ। ਡਾ. ਅੰਬੇਡਕਰ ਨੇ ਕਠਿਨ ਹਾਲਤਾਂ ਦੇ ਬਾਵਜੂਦ ਵੀ ਉਚੇਰੀ ਸਿੱਖਿਆ ਹਾਸਲ ਕੀਤੀ ਅਤੇ ਆਪਣਾ ਸਾਰਾ ਜੀਵਨ ਉਹਨਾਂ ਦੱਬੇ-ਕੁਚਲੇ ਲੋਕਾਂ ਦੇ ਕਲਿਆਣ ਲਈ ਲਗਾਇਆ, ਜਿਹੜੇ ਸਦੀਆਂ ਤੋਂ ਸਮਾਜਿਕ ਗੁਲਾਮੀ ਦਾ ਸ਼ਿਕਾਰ ਸਨ। ਡਾ. ਅੰਬੇਡਕਰ ਦੇ ਇਸ ਸੰਘਰਸ਼ ਨੂੰ ਅੱਜ ਸੰਯੁਕਤ ਰਾਸ਼ਟਰ ਸਮੇਤ ਸਾਰੀ ਦੁਨੀਆਂ ਨਤਮਸਤਕ ਹੋ ਰਹੀ ਹੈ। ਇਹ ਚੰਗੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਵਿਚ ਪਹਿਲੀ ਵਾਰ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ ਗਿਆ ਅਤੇ ਇਸ ਮੌਕੇ ਜੋ ਸੰਕਲਪ ਲਿਆ ਗਿਆ, ਉਹ ਦੁਨੀਆਂ ਦੇ ਲਈ ਬਹੁਤ ਮਾਇਨੇ ਰੱਖਦਾ ਹੈ।

ਭਾਰਤ ਦੁਨੀਆਂ ਦਾ ਆਬਾਦੀ ਪੱਖੋਂ ਦੂਜਾ ਵੱਡਾ ਮੁਲਕ ਹੈ। ਇਸ ਮੁਲਕ ਦੀ ਇਕ ਤਿਹਾਈ ਆਬਾਦੀ ਅੱਜ ਵੀ ਅਛੂਤ ਅਤੇ ਤ੍ਰਿਸਕਾਰ ਦਾ ਸ਼ਿਕਾਰ ਹੈ। ਡਾ. ਅੰਬੇਡਕਰ ਨੇ ਇਸ ਸਚਾਈ ਨੂੰ ਬਹੁਤ ਗਹਿਰਾਈ ਨਾਲ ਸਮਝਿਆ ਅਤੇ ਆਪਣਾ ਸਾਰਾ ਜੀਵਨ ਇਸ ਸਮਾਜ ਦੇ ਕਲਿਆਣ ਲਈ ਲਗਾ ਦਿੱਤਾ। ਉਹਨਾਂ ਨੂੰ ਇਸ ਸੰਘਰਸ਼ ਦਰਮਿਆਨ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਨ ਦਾ ਮੌਕਾ ਮਿਲਿਆ ਅਤੇ ਉਹਨਾਂ ਨੇ ਉਸ ਰਵਾਇਤੀ ਵਿਵਸਥਾ ਨੂੰ ਭਾਰਤੀ ਸੰਵਿਧਾਨ ਦੇ ਜ਼ਰੀਏ ਬੁਰੀ ਤਰ੍ਹਾਂ ਉਖਾੜ ਦਿੱਤਾ। ਸੰਵਿਧਾਨ ਦੀ ਰਚਨਾ ਕਰਦਿਆਂ ਡਾ. ਅੰਬੇਡਕਰ ਨੇ ਦੁਨੀਆਂ ਭਰ ਦੇ ਸੰਵਿਧਾਨਾਂ ਅਤੇ ਰਾਜ ਵਿਵਸਥਾ ਦਾ ਗਹਿਰਾਈ ਨਾਲ ਅਧਿਐਨ ਕਰਕੇ ਭਾਰਤ ਲਈ ਇਕ ਅਜਿਹਾ ਕਲਿਆਣਕਾਰੀ ਸੰਵਿਧਾਨ ਤਿਆਰ ਕੀਤਾ, ਜਿਸ ਵਿਚ ਹਰੇਕ ਨਾਗਰਿਕ ਨੂੰ ਬਰਾਬਰ ਦਾ ਅਧਿਕਾਰ ਮਿਲਿਆ। ਡਾ. ਅੰਬੇਡਕਰ ਨੇ ਕਲਮ ਦੀ ਤਾਕਤ ਨਾਲ ਲੜਾਈ ਲੜੀ। ਅਜਿਹੀ ਲੜਾਈ ਹੋਰ ਵੀ ਕਈ ਮੁਲਕਾਂ ਵਿਚ ਲੜੀ ਗਈ ਹੈ। ਅਮਰੀਕਾ ਵਿਚ ਪ੍ਰੈਜ਼ੀਡੈਂਟ ਅਬਰਾਹਮ ਲਿੰਕਨ ਨੇ ਵੀ ਅਜਿਹੀ ਹੀ ਕਿਸਮ ਦੀ ਲੜਾਈ ਲੜੀ ਅਤੇ ਉਹ ਇਤਿਹਾਸ ਪੁਰਸ਼ ਬਣ ਗਏ। ਅਫਰੀਕਾ ਵਿਚ ਨੈਲਸਨ ਮੰਡੇਲਾ ਨੇ ਅਜਿਹੀ ਹੀ ਲੜਾਈ ਲੜੀ, ਉਹ ਵੀ ਇਤਿਹਾਸ ਪੁਰਸ਼ ਬਣੇ। ਪਰ ਭਾਰਤ ਵਿਚ ਰਵਾਇਤੀ ਹਿੰਦੂਤਵੀ ਸਿਸਟਮ ਨੇ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਦਬਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤੇ। ਅੱਜ ਵੀ ਅਜਿਹਾ ਹੀ ਕੁਝ ਹੋ ਰਿਹਾ ਹੈ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਉਹਨਾਂ ਦੀਆਂ ਕਿਤਾਬਾਂ 'ਚੋਂ ਬਾਹਰ ਕੱਢ ਲਿਆਏ। ਉਹਨਾਂ ਨੇ ਇਕ ਅਜਿਹੀ ਲਹਿਰ ਚਲਾਈ, ਜਿਸ ਨੇ ਭਾਰਤ ਦੀ ਰਾਜਨੀਤੀ ਹੀ ਨਹੀਂ, ਬਲਕਿ ਵਿਸ਼ਵ ਪੱਧਰ ਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਸਥਾਪਤ ਕਰ ਦਿੱਤਾ। ਉਹਨਾਂ ਦੇ ਚਲੇ ਜਾਣ ਤੋਂ ਬਾਅਦ ਅੱਜ ਫਿਰ ਇਹ ਲਹਿਰ ਗੁੰਮਰਾਹਕੁੰਨ ਰਾਹ ਤੇ ਤੁਰ ਪਈ ਹੈ। ਭਾਰਤ ਵਿਚ ਦਲਿਤ ਵਰਗ ਇਕ ਵੱਡਾ ਵੋਟ ਬੈਂਕ ਹੈ। ਇਸ ਵੋਟ ਬੈਂਕ ਨੂੰ ਹਥਿਆਉਣ ਦੇ ਲਈ ਹੁਣ ਸਾਰੀਆਂ ਸਿਆਸੀ ਪਾਰਟੀਆਂ ਵਾਹ ਲਗਾ ਰਹੀਆਂ ਹਨ। ਕਿਸੇ ਵੇਲੇ ਕਾਂਗਰਸ ਇਸ ਵਰਗ ਨੂੰ ਭਰਮਾਅ ਲੈਂਦੀ ਸੀ। ਬਸਪਾ ਦਾ ਉਦੈ ਹੋਣ ਤੋਂ ਬਾਅਦ ਕਾਂਗਰਸ ਦੇ ਹੱਥੋਂ ਦਲਿਤ ਵੋਟ ਨਿਕਲ ਗਈ ਅਤੇ ਇਹ ਪਾਰਟੀ ਰਸਾਤਲ ਵੱਲ ਤੁਰ ਪਏ।

ਸਾਹਿਬ ਕਾਂਸ਼ੀ ਰਾਮ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਵਰਗਾ ਇਸ ਲਹਿਰ ਨੂੰ ਅੱਗੇ ਵਧਾਉਣ ਵਾਲਾ ਪ੍ਰਬੱਲ ਲੀਡਰ ਨਹੀਂ ਮਿਲਿਆ ਤਾਂ ਇਕ ਵਾਰ ਫਿਰ ਇਸ ਦਲਿਤ ਵੋਟ ਨੂੰ ਹਥਿਆਉਣ ਲਈ ਸਾਰੀਆਂ ਪਾਰਟੀਆਂ ਤਰਲੋਮੱਛੀ ਹੋ ਰਹੀਆਂ ਹਨ। ਇੱਥੋਂ ਤੱਕ ਕਿ ਡਾ. ਅੰਬੇਦਕਰ ਦੀ ਵਿਦਵਤਾ ਨੂੰ ਦਰਕਿਨਾਰ ਕਰਕੇ ਉਹਨਾਂ ਨੂੰ ਇਕ ਦੇਵਤਾ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕੱਲ੍ਹ ਨੂੰ ਉਹਨਾਂ ਦੇ ਨਾਂ ਤੇ ਮੰਦਰ ਜਾਂ ਧਾਰਮਿਕ ਸਥਾਨ ਵੀ ਬਣਨੇ ਆਰੰਭ ਹੋ ਜਾਣਗੇ ਅਤੇ ਫਿਰ ਪੂਜਾ ਵੀ ਆਰੰਭ ਹੋ ਜਾਵੇਗੀ। ਜੇਕਰ ਅਜਿਹਾ ਹੋਇਆ ਤਾਂ ਹੋ ਸਕਦਾ ਹੈ ਡਾ. ਅੰਬੇਡਕਰ ਨੂੰ ਵੀ ਬੁੱਤਪ੍ਰਸਤੀ ਦਾ ਸ਼ਿਕਾਰ ਬਣਾ ਕੇ ਉਹਨਾਂ ਦੇ ਮਿਸ਼ਨ ਦਾ ਹਿੰਦੂਤਤਵੀ ਕਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।

ਜੇਕਰ ਪੰਜਾਬ ਪੱਧਰ ਦੀ ਗੱਲ ਕਰੀਏ ਤਾਂ ਪੰਜਾਬ ਬਸਪਾ ਲੀਡਰਸ਼ਿਪ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਉਸ ਸੋਚ ਨੂੰ ਅਪਣਾਉਣਾ ਪਵੇਗਾ ਜੋ ਉਹਨਾਂ ਪੰਜਾਬ ਅੰਦਰ ਜਾਤ ਤੋੜੋ ਸਮਾਜ ਜੋੜੋ ਅੰਦੋਲਨ ਰਾਹੀਂ ਪੰਜਾਬ ਵਿਚਲੇ ਐਸ. ਸੀ., ਐਸ. ਟੀ., ਬੀ. ਸੀ. ਆਦਿ ਨੂੰ ਜੋੜਨ ਦਾ ਮਹਾਨ ਉਪਰਾਲਾ ਕੀਤਾ ਸੀ। ਇਸ ਦੇ ਨਾਲ ਹੀ 24 ਸਤੰਬਰ 1932 ਨੂੰ ਹੋਏ ਪੂਨਾ ਪੈਕਟ ਦੌਰਾਨ ਮਿਲੇ ਵੋਟ ਅਧਿਕਾਰ ਤੇ ਰਿਜ਼ਰਵ ਸੀਟਾਂ ਅਤੇ 1937 ਦੀ ਇਲੈਕਸ਼ਨ ਨੂੰ ਵੀ ਯਾਦ ਕਰਨਾ ਹੋਵੇਗਾ, ਜਿਸ ਵਿਚ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਰਹਿਨੁਮਾਈ 'ਚ ਪੰਜਾਬ 'ਚ ਰਿਜ਼ਰਵ 8 ਸੀਟਾਂ ਵਿਚੋਂ ਸੱਤ ਸੀਟਾਂ ਉਪਰ ਇਤਿਹਾਸਕ ਜਿੱਤ ਦਰਜ ਕੀਤੀ ਸੀ।

ਅੱਜ ਫਿਰ ਤੋਂ ਮੌਜੂਦਾ ਪੰਜਾਬ ਪੱਧਰ ਦੀ ਬਸਪਾ ਲੀਡਰਸ਼ਿਪ ਨੂੰ ਅੱਜ ਤੋਂ ਕਈ ਸਾਲ ਪਿੱਛੇ ਹੁਸ਼ਿਆਰਪੁਰ ਦੀ ਰੌਸ਼ਨ ਗਰਾਊਂਡ 'ਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਰਹਿਨੁਮਾਈ 'ਚ ਹੀ ਬਸਪਾ ਵੱਲੋਂ ਆਦਿ ਧਰਮ ਮੰਡਲ ਪੰਜਾਬ ਦੀ 75ਵੀਂ ਵਰ੍ਹੇਗੰਢ ਉਤੇ 'ਭੁੱਲ ਸੁਧਾਰ' ਇਤਿਹਾਸਕ ਕਾਨਫਰੰਸ ਕੀਤੀ ਗਈ ਸੀ, ਦਾ ਬੜੀ ਸੰਜੀਦਗੀ ਨਾਲ ਮੰਥਨ ਕਰਨਾ ਹੋਵੇਗਾ ਹੀ ਨਹੀਂ ਬਲਕਿ ਅਮਲ ਵੀ ਕਰਨਾ ਹੋਵੇਗਾ ਕਿ ਅਜਿਹਾ ਸੁਨਹਿਰੀ ਇਤਿਹਾਸ ਫਿਰ ਤੋਂ ਕਿਵੇਂ 2019 ਵਿਚ ਸਿਰਜਿਆ ਜਾ ਸਕਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-82

## ਗੁਰਬਾਣੀ ਚਾਨਣ 'ਚ ਕਾਰ-ਸੇਵਾ



ਅਵਤਾਰ ਸਿੰਘ ਮਿਸ਼ਨਰੀ
510-432-5827

"ਕਾਰ" ਲਫਜ਼ ਸੰਸਕ੍ਰਿਤ ਤੇ ਫਾਰਸੀ ਦੋਨਾਂ ਚ ਵਰਤਿਆ ਜਾਂਦਾ ਹੈ ਫਰਕ ਇਹ ਕਿ ਸੰਸਕ੍ਰਿਤ 'ਚ ਲਫਜ਼ ਦੇ ਪਿਛੇਤਰ ਤੇ ਫਾਰਸੀ 'ਚ ਅਗੇਤਰ ਆਉਂਦਾ ਹੈ। ਸੰਸਕ੍ਰਿਤ-ਜਿਵੇਂ ਉਪਕਾਰਾ ਤੇ ਫਾਰਸੀ ਕਾਰ-ਬੰਦ-ਅਮਲ ਕਰਨ ਵਾਲਾ, ਕਾਰ-ਸ਼ਿਨਾਸ਼-ਕੰਮ ਪਛਾਨਣ ਵਾਲਾ। "ਕਾਰ" ਲਫਜ਼ ਦੇ ਵੱਖ ਵੱਖ ਅਰਥ ਨੇ ਜਿਵੇਂ ੧. ਕਾਰਯ, ਕੰਮ, ਕ੍ਰਿਆ-ਜੋ ਤੁਧੁ ਭਾਵੈ ਸਾਈ ਭਲੀ ਕਾਰ॥(ਜਪੁਜੀ) ਕਰਤਾ, ਕਰਨ ਵਾਲਾ-ਚਰਮਕਾਰ, ਸੁਵਰਣਕਾਰ, ਲੋਹਕਾਰ ਆਦਿ ਐਸੀ ਦਸ਼ਾ 'ਚ ਇਹ ਸ਼ਬਦ ਦੇ ਅੰਤ ਆਉਂਦਾ ਹੈ। ਫਾਰਸੀ 'ਚ ਵੀ ਇਵੇਂ ਵਰਤੀਂਦਾ ਹੈ ਜੈਸੇ ਮੀਨਾਕਾਰ ੩. ਕਰਨਯੋਗ ਕੰਮ ਕਾਰਯ-ਜਿਤਨੇ ਜੀਅਜੰਤੁ ਪ੍ਰਭੁ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ॥ਜਿਸ ਕਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ॥ (੨੩੩) ਭਾਵ ਜਿੰਨੇ ਜੀਅ ਜੰਤ ਕਰਤੇ ਨੇ ਪੈਦਾ ਕੀਤੇ ਨੇ ਸਾਰਿਆਂ ਦੇ ਕਰਣਯੋਗ ਕੰਮ ਵੱਖ ਵੱਖ ਹਨ ੪. ਕਾਲਾ ਸਿਆਹ (ਬਹੁਤ ਕਾਲਾ)-ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ॥(੧੭੧) ੫. ਸੇਵਾ-ਟਹਿਲ (ਸੇਵਾਭਾਵ)-ਜੀਵਦਿਆਂ ਲਾਹਾ ਮਿਲੈ ਗੁਰ ਕਾਰ ਕਮਾਵੈ॥(੪੨੧) ਕਮਾਵਾਂ ਤਿਨ ਕੀ ਕਾਰ ਸਰੀਰ ਪਵਿਤੁ ਹੋਇ॥(੫੧੮) ਭਾਵ ਐਂਵੇਂ ਦੀ ਕਾਰ ਕਰਾਂ ਜਿਸ ਨਾਲ ਸਰੀਰ ਵਿਕਾਰਾਂ ਦੀ ਮੈਲ ਤੋਂ ਬਚਿਆ ਰਹੇ ੬. ਕਰਨੀ-ਨਾਨਕ ਕਾਰ ਨ ਕਥਨੀ ਜਾਇ॥ (੪੬੩) ਹੇ ਨਾਨਕ ਕਰਤੇ ਦੀ ਕਾਰ (ਕਰਨੀ) ਕਥੀ ਨਹੀਂ ਜਾ ਸਕਦੀ ੭. ਲਕੀਰ-ਦੇ ਕੈ ਚਉਕਾ ਕਢੀ ਕਾਰ॥(੪੭੨) ਭਾਵ ਬ੍ਰਾਹਮਣ ਗੋਬਰ ਦਾ ਪੋਚਾ ਫੇਰ ਚਉਂਕੇ ਨੂੰ ਸੁੱਚਾ ਕਰਨਾ ਸਮਝਦਾ ਹੈ ਤੇ ਫੇਰ ਉਸ ਦੁਆਲੇ ਲਕੀਰ (ਕਾਰ) ਕੱਢ ਦਿੰਦਾ ਹੈ।

"ਕਾਰ" ਤੋਂ ਭਾਵ ਟੈਕਸ ਵੀ ਹੈ। ਇਸ ਨੂੰ ਕਾਰ ਭੇਟ ਵੀ ਕਿਹਾ ਜਾਂਦਾ ਸੀ ਜੋ ਪਹਿਲਾਂ ਮਸੰਦ ਉਗ੍ਰਾਉਂਦੇ ਸਨ ਤੇ ਜਦ ਕੁਰਪਟ ਹੋ ਗਏ ਤਾਂ ਕਿਰਤੀ ਗੁਰਸਿੱਖ ਆਪ ਹੀ ਕਾਰ ਭੇਟ ਭਾਵ ਦਸਵੰਦ ਜਨਤਾ ਦੀ ਭਲਾਈ ਲਈ ਗੁਰੂ ਕਾਰਜਾਂ ਵਿੱਚ ਲਿਆਉਣ ਲੱਗ ਪਏ। ਜਦ ਮਸੰਦ ਭ੍ਰਿਸ਼ਟ ਹੋ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਢੁਕਵੀਆਂ ਸਜਾਵਾਂ ਦੇ ਕੇ, ਮਸੰਦ ਪ੍ਰਥਾ ਹੀ ਬੰਦ ਕਰ ਦਿੱਤੀ।

ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ ਕਿ ਕਾਰ ਲਫਜ਼ ਕਰ (ਹੱਥ) ਤੋਂ ਬਣਿਆਂ ਤੇ "ਕਾਰ-ਸੇਵਾ" ਤੋਂ ਭਾਵ ਹੱਥਾਂ ਨਾਲ ਨਿਸ਼ਕਾਮ ਕੰਮ ਕਰਨਾ। ਕਾਰ ਸੇਵਾ ਧਰਮ ਅਸਥਾਨਾਂ ਦੀ ਉਸਾਰੀ ਅਤੇ ਸਮਾਜ ਭਲਾਈ ਦੇ ਕੰਮ, ਨਿਸ਼ਕਾਮਤਾ, ਉਤਸ਼ਾਹ ਅਤੇ ਸੰਗਤ ਰੂਪ ਚ ਕੀਤੀ ਜਾਂਦੀ ਹੈ। ਕਾਰ-ਸੇਵਾ ਦੀ ਤਵਾਰੀਖ ਗੁਰੂ ਸਾਹਿਬ ਦੇ ਸਮੇ ਦੀ ਜਦੋਂ ਸਿੱਖਾਂ ਨੇ ਆਪ ਕਈ ਗੁਰਦੁਆਰਿਆਂ (ਪਹਿਲਾਂ ਕਰਤਾਰਪੁਰ-ਰਾਵੀ, ਫਿਰ ਦਰਬਾਰ ਸਾਹਿਬ ਅੰਮ੍ਰਿਤਸਰ, ਚੱਕ ਨਾਨਕੀ ਅਤੇ ਫਿਰ ਅਨੰਦਪੁਰ ( ਆਦਿਕ ਦੀ ਉਸਾਰੀ ਅਤੇ ਕਈ ਜਗਹ ਖੂਹਾਂ, ਬਾਉਲੀਆਂ ਤੇ ਤਲਾਵਾਂ ਦੀ ਉਸਾਰੀ "ਕਾਰ-ਸੇਵਾ" ਵਜੋਂ ਕੀਤੀ ਸੀ। ਸਿੱਖਾਂ ਨੇ ਕਈ ਵਾਰ ਅੰਮ੍ਰਿਤਸਰ ਸਰੋਵਰ ਅਤੇ ਕਈ ਹੋਰ ਸਰੋਵਰਾਂ ਚੋਂ ਮਿਟੀ (ਗਾਰ) ਵਗੈਰਾ ਨੂੰ ਸਾਫ ਕਰਨ ਲਈ "ਕਾਰ-ਸੇਵਾ" ਕੀਤੀ ਹੈ। ਅੰਮ੍ਰਿਤਸਰ 'ਚ ੧੯੩੨, ੭੩, ੮੫ ਅਤੇ ੨੦੦੪ ਈਸਵੀ 'ਚ "ਕਾਰ-ਸੇਵਾ" ਹੋ ਚੁੱਕੀ ਹੈ।

ਨੋਟ-ਅਜੋਕੇ ਬਹੁਤੇ ਡੇਰੇਦਾਰ ਕਾਰ-ਸੇਵਾ ਵਾਲੇ ਬਾਬੇ "ਕਾਰ-ਸੇਵਾ" ਦੇ ਨਾਂ ਤੇ ਇਤਿਹਾਸ ਦੇ ਵਡਮੁੱਲੇ ਸਰੋਤ ਇਤਿਹਾਸਕ ਇਮਾਰਤਾਂ, ਗੁਰਦੁਆਰੇ, ਕਿਲੇ ਅਤੇ ਬੁਰਜ ਆਦਿ ਅਗਿਆਨਤਾ ਤੇ ਮਾਇਆ ਲਾਲਚ ਆਦਿ ਦਾ ਬੁਲਡੋਜਰ ਚਲਾ ਕੇ ਮਲੀਆ-ਮੇਟ ਕਰੀ ਜਾ ਰਹੇ ਹਨ। ਹੁਣ ਇਨ੍ਹਾਂ ਨੇ "ਕਾਰ-ਸੇਵਾ ਤੇ ਬਿਰਦ-ਬੀੜਾਂ ਦੇ ਸਸਕਾਰ ਦੇ ਨਾਂ ਤੇ ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਪੁਰਾਤਨ ਗੁਰਸਿੱਖਾਂ ਦੀਆਂ ਹੱਥ ਲਿਖਤਾਂ ਨੂੰ ਸਾੜ ਸਾੜ ਕੇ ਖਤਮ ਕਰਨਾ ਸ਼ੁਰੂ ਕੀਤਾ ਹੋਇਆ ਹੈ। ਕੁਝ ਸਾਲਾਂ ਤੋਂ ਹੁਣ ਇਹ "ਕਾਰ-ਸੇਵਾ" ਦਾ ਠੇਕਾ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਹੋਰ ਵੱਡੇ ਤੇ ਆਮਦਨ ਵਾਲੇ ਗੁਰਦੁਆਰਿਆਂ ਦਾ ਲੈ ਰਹੇ ਨੇ ਜੋ ਸਾਲਾਂ ਬੱਧੀ ਚੱਲਦਾ, ਮਾਇਆ ਲਈ ਥਾਂ ਥਾਂ ਟੋਕਰੇ ਅਤੇ ਗੱਡੀਆਂ ਰੱਖੀਆਂ ਹੋਈਆਂ ਹਨ। ਹੁਣ ਇਨ੍ਹਾਂ ਨੇ ਪਿੰਡਾਂ ਸ਼ਹਿਰਾਂ ਚੋਂ ਦੁੱਧ ਆਦਿਕ ਇਕੱਠਾਂ ਕਰਨ ਲਈ ਤਨਖਾਹ ਤੇ ਬੰਦੇ ਰੱਖੇ ਹੋਏ ਹਨ। ਹੁਣ ਇਹ ਕਿਸਾਨਾਂ ਦੇ ਖੇਤਾਂ ਚੋਂ ਜਬਰੀ ਅਨਾਜ ਦੀਆਂ ਬੋਰੀਆਂ ਵੀ ਸ਼ਰਧਾ ਤੇ ਸੇਵਾ ਦੇ ਨਾਂ 'ਤੇ ਚੱਕ ਲਿਆਉਂਦੇ ਹਨ। ਦੁੱਧ ਦੀ ਕਰੀਮ ਕਢ੍ਹਾ ਕੇ ਘਿਉ ਬਣਾ ਅਤੇ ਵਧੇ ਲੰਗਰ ਤੋਂ ਪਸ਼ੂ ਖੁਰਕ ਬਣਾ ਕੇ ਵੇਚ ਰਹੇ ਹਨ। ਸੋ ਹੁਣ "ਕਾਰ-ਸੇਵਾ" ਵਾਲੇ ਬਾਬਿਆਂ 'ਚ ਵੀ ਭ੍ਰਿਸ਼ਟਾਚਾਰ ਆ ਗਿਆ ਹੈ। ਇਸ ਲਈ ਸ਼ਰਧਾਲੂਆਂ ਤੇ ਖਾਸ ਕਰਕੇ ਸਿੱਖਾਂ ਨੂੰ ਜਿੱਥੇ ਲੋੜ ਹੋਵੇ ਆਪ ਹੀ ਸੰਗਤ ਰੂਪ ਚ "ਕਾਰ-ਸੇਵਾ" ਕਰ ਲੈਣੀ ਚਾਹੀਦੀ ਅਤੇ "ਕਾਰ-ਸੇਵਾ" ਵਾਲੇ ਬਾਬਿਆਂ ਤੇ ਕਮੇਟੀਆਂ ਦਾ ਕੁਰੱਪਟ ਸਿਸਟਮ ਬੰਦ ਕਰ ਦੇਣਾ ਚਾਹੀਦਾ ਹੈ।

ਐਸੇ ਵੇਲੇ ਸਿੱਖ ਕੌਮ ਨੂੰ ਬਲਕਿ ਦਲਿਤ ਸਮਾਜ ਨੂੰ ਵੀ ਧਰਮ-ਬਿਲਡਿਗਾਂ ਢਾਉਣ-ਉਸਾਰ ਦੀ ਥਾਂ ਚੰਗੇ ਵਿਦਿਅਕ ਅਦਾਰੇ, ਹਸਪਤਾਲ, ਕਿਤਾ ਸਿਖਲਾਈ ਅਤੇ ਸਰਬਸਾਂਝੈ ਗਿਆਨ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਵਿਸ਼ਾਲ ਸਟੱਡੀ ਦੇ ਕੇਂਦਰ 'ਕਾਰ-ਸੇਵਾ" ਕਰਕੇ ਖੋਲ੍ਹਣੇ ਚਾਹੀਦੇ ਹਨ। ਅੰਨ੍ਹੀ ਸ਼ਰਧਾ ਨਾਲ "ਕਾਰ-ਸੇਵਾ" ਬੇਕਾਰ-ਸੇਵਾ ਬਣ ਜਾਂਦੀ ਹੈ।

ਦੇਖੋ! ਜਿੱਥੇ ਇਹ ਬਾਬੇ ਸਾਡੇ ਇਤਿਹਾਸਕ ਧਰਮ ਅਸਥਾਨ ਤੇ ਪੁਰਾਤਨ ਧਰਮ ਗ੍ਰੰਥ, ਪੁਸਤਕਾਂ ਖਤਮ ਕਰ ਰਹੇ ਹਨ ਓਥੇ ਅੰਨ੍ਹੀ ਸ਼ਰਧਾ ਨਾਲ ਰੁਮਾਲਿਆਂ, ਬਿਸਤਰੇ ਕਪੜਿਆਂ ਅਤੇ ਭਾਂਡਿਆਂ ਦੇ ਫਾਲਤੂ ਢੇਰ ਗੁਰਦਵਾਰਿਆਂ 'ਚ ਸ਼ਰਧਾ-ਸੇਵਾ ਦੇ ਨਾਂ 'ਤੇ ਲਵਾਈ ਜਾ ਰਹੇ ਹਨ। ਬਹੁਤੇ ਗੁਰਦਿਆਰਿਆਂ 'ਚ ਰੁਮਾਲੇ ਆਦਿਕ ਵਸਤੂਆਂ ਰੱਖਣ ਨੂੰ ਵੀ ਥਾਂ ਨਹੀਂ ਰਹਿ ਗਈ।

ਫਿਰ ਸਸਕਾਰ ਦੇ ਨਾਂ ਤੇ ਫੂਕੀ ਤੇ ਕਈ ਜਲਪ੍ਰਵਾਹ ਦੇ ਨਾਂ ਤੇ ਨਦੀਆਂ ਚ ਸੁੱਟੀ ਜਾ ਰਹੇ ਹਨ। ਸਿੱਖ ਕੌਮ ਦਾ ਅਰਬਾਂ, ਖਰਬਾਂ ਦਾ ਸਰਮਾਇਆ ਇਉਂ "ਅੰਨ੍ਹੀ-ਸ਼ਰਧਾ" ਤੇ "ਕਾਰ-ਸੇਵਾ" ਦੇ ਨਾਂ ਤੇ ਲੁੱਟਿਆਂ ਤੇ ਬਰਬਾਦ ਕੀਤਾ ਜਾ ਰਿਹਾ ਹੈ। ਸੋ ਲੋੜ ਅਨੁਸਾਰ "ਕਾਰ-ਸੇਵਾ" 'ਚ ਵੀ ਫੌਰੀ ਤਬਦੀਲੀ ਹੋਣੀ ਚਾਹੀਦੀ ਤੇ ਇਸ 'ਚ ਹੀ ਕੌਮ ਤੇ ਸਮਾਜ ਦਾ ਭਲਾ ਹੈ।

# ਸੁਖਦੇਵ ਸਿੰਘ ਭੌਰ ਨੇ ਮੰਗੀ ਮੁਆਫੀ







ਜਲੰਧਰ (ਬਿਊਰੋ)- ਬਰਗਾੜੀ ਵਿਖੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਮੌਜੂਦਾ ਮੈਂਬਰ ਸ. ਸੁਖਦੇਵ ਸਿੰਘ ਭੌਰ ਨੇ ਆਪਣੇ ਵੱਲੋਂ ਡੇਰਾ ਸੱਚਖੰਡ ਬੱਲਾਂ ਦੇ ਸ਼ਹੀਦ ਸੰਤ ਰਾਮਾਨੰਦ ਜੀ ਦੇ ਪ੍ਰਤੀ ਵਰਤੇ ਅਪਸ਼ਬਦ ਦੀ ਜਿੱਥੇ ਬਹੁਤ ਸਾਰੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ, ਪੁਲਿਸ ਹਿਰਾਸਤ ਵੀ ਹੋਈ ਤੇ ਜਨਤਕ ਮੁਆਫੀ ਵੀ ਮੰਗੀ ਪ੍ਰੰਤੂ ਡੇਰਾ ਸੇਵਕਾਂ ਵੱਲੋਂ ਵਿਰੋਧ ਲਗਾਤਾਰ ਜਾਰੀ ਰਿਹਾ।

ਅਖੀਰ ਸ. ਸੁਖਦੇਵ ਸਿੰਘ ਭੌਰ ਨੇ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਰੰਜਨ ਦਾਸ ਜੀ ਅਤੇ ਸੰਤ ਸੁਰਿੰਦਰ ਦਾਸ ਜੀ ਨੂੰ ਨਤਮਸਤਕ ਹੋ ਕੇ ਮੁਆਫੀ ਮੰਗੀ। ਉਸ ਵਕਤ ਸ. ਭੌਰ ਦੇ ਨਾਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਡਾ. ਕੁਲਵੰਤ ਕੌਰ ਵੀ ਹਾਜ਼ਰ ਸਨ। ਇਹਨਾਂ ਤੋਂ ਇਲਾਵਾ ਹੋਰ ਵੀ ਸ. ਸੁਖਦੇਵ ਸਿੰਘ ਭੌਰ ਦੇ ਨਾਲ ਮੌਜੂਦ ਸਨ। ਦੂਜੇ ਪਾਸੇ ਸੰਤਾਂ ਦੇ ਨਾਲ ਉਹਨਾਂ ਦੇ ਸੇਵਕ ਵੀ ਸਨ। ਇਹ ਸਭ 'ਦੇਸ਼ ਦੁਆਬਾ' ਨੂੰ ਮਿਲ ਜਾਣਕਾਰੀ ਅਤੇ ਤਸਵੀਰ ਤੋਂ ਦਿੱਤੀ ਜਾ ਰਹੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 27 ਪਿੰਡਾਂ ਵਾਲੇ ਜਿਲਾ ਪ੍ਰੀਸ਼ਦ ਜੋਨ ਵਿਚੋਂ BSP ਨੂੰ 9041 ਵੋਟਾਂ ਮਿਲਣਾ BSP ਦੇ ਉਭਾਰ ਦਾ ਪ੍ਰਤੀਕ

ਬਹੁਜਨ ਸਮਾਜ ਪਾਰਟੀ ਦੇ ਨੌਜਵਾਨ ਆਗੂ ਹਰਜਿੰਦਰ ਬਿੱਲਾ (ਮਹਿਮਦਪੁਰ) ਦੀ ਪਤਨੀ ਵਲੋਂ ਬਤੌਰ ਬਸਪਾ ਉਮੀਦਵਾਰ ਆਦਮਪੁਰ ਇਲਾਕੇ ਦੇ 27 ਪਿੰਡਾਂ ਵਾਲੇ ਜਿਲਾ ਪ੍ਰੀਸ਼ਦ ਜੋਨ ਵਿੱਚੋਂ 9041 ਵੋਟਾਂ ਪ੍ਰਾਪਤ ਕਰਨ ਨਾਲ ਅੰਬੇਦਕਰਵਾਦੀਆਂ ਦੇ ਉਤਸ਼ਾਹ ਨੂੰ ਜੋਸ਼ ਮਿਲਿਆ ਹੈ।

ਜਿੱਥੇ ਕਾਂਗਰਸੀ ਉਮੀਦਵਾਰ ਨੂੰ ਜਿਤਾਉਣ ਲਈ ਆਦਮਪੁਰ ਤੇ ਕਰਤਾਰਪੁਰ ਦੀ ਦਿੱਗਜ ਕਾਂਗਰਸੀ ਲੀਡਰਸ਼ਿਪ ਦਾ ਜੋਰ ਲੱਗਾ ਸੀ, ਉੱਥੇ ਹਰਜਿੰਦਰ ਬਿੱਲਾ ਸਿਰਫ ਬਸਪਾ ਨੂੰ ਸਮਰਪਿਤ ਨੌਜਵਾਨਾਂ ਨਾਲ ਹੀ ਜਿੱਥੇ ਆਪਣਾ ਚੋਣ ਪ੍ਰਚਾਰ ਕਰ ਰਿਹਾ ਸੀ, ਉੱਥੇ ਹੀ ਲੋਕਾਂ ਨੂੰ ਮਿਸ਼ਨ ਪ੍ਰਤੀ ਕੇਡਰਾਈਜ ਵੀ ਕਰ ਰਿਹਾ ਸੀ ਜਿਸ ਦਾ ਸਿੱਟਾ ਇਹ ਨਿਕਲਿਆ ਕੇ ਸ਼ਰਾਬ, ਨਸ਼ੇ, ਤੇ ਪੈਸੇ ਦੀ ਵਰਤੋਂ ਦੇ ਬਿਨਾਂ ਹੀ BSP ਮੌਜੂਦਾ ਸਰਕਾਰ ਦੇ ਉਮੀਦਵਾਰ ਖਿਲਾਫ 9041 ਵੋਟਾਂ ਪ੍ਰਾਪਤ ਕਰ ਗਈ ਜਦਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਸਿਰਫ 5 ਹਜਾਰ ਵੋਟ ਮਿਲੀ ਸੀ ਤੇ ਵਿਧਾਨ ਸਭਾ ਹਲਕਾ ਤਾਂ ਵੈਸੇ ਵੀ ਇਸ ਜਿਲਾ ਪ੍ਰੀਸ਼ਦ ਜੋਨ ਤੋਂ 5 ਗੁਣਾ ਵੱਡਾ ਹੈ ਤੇ ਪੂਰੇ ਵਿਧਾਨ ਸਭਾ ਹਲਕੇ ਮੁਤਾਬਕ ਬਸਪਾ ਦੀ ਵੋਟ 45 ਹਜਾਰ ਤੋਂ ਵੱਧ ਬਣਦੀ ਹੈ।

2 ਅਪ੍ਰੈਲ ਦੇ ਸੰਘਰਸ਼ ਤੋਂ ਬਾਅਦ ਮਹਿਮਦਪੁਰ ਸਮੇਤ ਇਲਾਕੇ ਦੇ ਵੱਖ ਵੱਖ ਪਿੰਡਾਂ ਵਿਚ ਅੰਬੇਦਕਰੀ ਅੰਦੋਲਨ ਸੰਬੰਧੀ ਹੋਏ ਪ੍ਰੋਗਰਾਮਾਂ ਨੇ ਨੌਜਵਾਨਾਂ ਨੂੰ ਸਾਬ ਕਾਂਸ਼ੀ ਰਾਮ ਤੇ ਬਸਪਾ ਨਾਲ ਜੋੜਿਆ ਹੈ। ਆਦਮਪੁਰ ਬਲਾਕ ਸੰਮਤੀ ਦੀਆਂ ਤਿੰਨ ਸੀਟਾਂ ਜਿੱਤ ਕੇ ਤੇ ਚੌਥੀ ਕਠਾਰ ਸੀਟ ਸਿਰਫ 17 ਵੋਟਾਂ ਨਾਲ ਹਰ ਕੇ ਬਸਪਾ ਨੇ ਆਪਣੀ ਤਾਕਤ ਦਾ ਅਹਿਸਾਸ ਕਰਾਇਆ ਹੈ।

ਦੂਜੇ ਪਾਸੇ ਇਹਨਾਂ ਚੋਣਾਂ ਵਿਚ ਜਿਸ ਤਰਾਂ ਆਪ ਪਾਰਟੀ ਦੇ ਕਿਤੇ ਵੀ ਨਾ ਦਿਸਣ ਨਾਲ ਆਪ ਪਾਰਟੀ ਦੀ ਦਲਿਤ ਵੋਟ ਬਸਪਾ ਵੱਲ ਮੁੜਨਾ ਨਿਸ਼ਚਤ ਪ੍ਰਤੀਤ ਹੋ ਰਿਹਾ ਹੈ। ਭੈਣ ਮਾਇਆਵਤੀ ਦੀ ਰਾਸ਼ਟਰੀ ਪੱਧਰ ਤੇ ਵੱਧਦੀ ਪ੍ਰਿਤਸ਼ਠਾ, 2019 ਵਿਚ ਪ੍ਰਧਾਨ ਮੰਤਰੀ ਦੀ ਦਾਅਵੇਦਾਰੀ ਲਈ ਦੇਵਗੌੜਾ ਕਰਨਾਟਕ, ਅਖਿਲੇਸ਼ ਯਾਦਵ UP, ਲਾਲੂ ਯਾਦਵ ਬਿਹਾਰ, ਚੌਟਾਲਾ ਹਰਿਆਣਾ, ਸ਼ਰਦ ਪਵਾਰ ਮਹਾਂਰਾਸ਼ਟਰ, ਅਜਿਤ ਜੋਗੀ ਛੱਤੀਸਗੜ, ਤੇਲਗੂ ਦੇਸਮ ਪਾਰਟੀ ਆਂਧਰਾ ਪ੍ਰਦੇਸ਼, ਤੇਲੰਗਾਨਾ ਸਮਿਤੀ ਤੇ ਮੁਸਲਿਮ ਭਾਈਚਾਰੇ ਵਲੋਂ ਮਾਨਤਾ ਮਿਲੀ ਹੈ, ਉਸ ਨਾਲ ਪੰਜਾਬ ਵਿਚ ਵੀ ਬਸਪਾ ਸਮਰਥਕਾਂ ਦੇ ਹੌਸਲੇ ਬੁਲੰਦ ਹੋਏ ਹਨ।

# ਜ਼ਿਲਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਇਤਿਹਾਸਕ ਜਿੱਤ ਲਈ ਤ੍ਰਿਪਤ ਬਾਜਵਾ ਨੇ ਸੂਬਾ ਵਾਸੀਆਂ ਦਾ ਕੀਤਾ ਧੰਨਵਾਦ

**ਬਟਾਲਾ (ਬਰਨਾਲ)–** ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਜ਼ਿਲਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਹੋਈ ਵੱਡੀ ਅਤੇ ਇਤਿਹਾਸਕ ਜਿੱਤ ਲਈ ਸੂਬੇ ਦੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਇਹ ਜਿੱਤ ਕੈਪਟਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਅਤੇ ਵਿਕਾਸ ਏਜੰਡੇ ਦੀ ਜਿੱਤ ਹੈ। ਸ. ਬਾਜਵਾ ਨੇ ਕਿ ਇਹਨਾਂ ਚੋਣਾਂ ਵਿੱਚ ਸੂਬੇ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪੂਰੀ ਤਰਾਂ ਨਕਾਰ ਦਿੱਤਾ ਹੈ ਅਤੇ ਅਕਾਲੀਆਂ ਦੀ ਕਰਾਰੀ ਹਾਰ ਹੋਈ ਹੈ। ਉਹਨਾਂ ਕਿਹਾ ਕਿ ਚੋਣ ਨਤੀਜੇ ਇਹ ਸਾਬਤ ਕਰਦੇ ਹਨ ਕਿ ਪੰਜਾਬੀਆਂ ਦੇ ਦਿਲਾਂ ਵਿੱਚ ਅਕਾਲੀ ਦਲ ਪ੍ਰਤੀ ਬਹੁਤ ਵੱਡਾ ਰੋਸ ਹੈ ਅਤੇ ਲੋਕਾਂ ਨੇ ਆਪਣੀ ਵੋਟ ਦੀ ਤਾਕਤ ਜਰੀਏ ਅਕਾਲੀ ਦਲ ਨੂੰ ਉਸਦੇ ਪੰਜਾਬ ਅਤੇ ਕੌਮ ਵਿਰੋਧੀ ਕੀਤੇ ਗੁਨਾਹਾਂ ਦਾ ਸਬਕ ਸਿਖਾਇਆ ਹੈ।



ਪੰਚਾਇਤ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਭਰ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਵੱਡੀ ਲੀਡ ਨਾਲ ਜੇਤੂ ਰਹੇ ਹਨ। ਉਹਨਾਂ ਪਾਰਟੀ ਹਾਈਕਮਾਨ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਜਿੱਤ ਦਾ ਸਿਹਰਾ ਬੰਨਦਿਆਂ ਕਿਹਾ ਕਿ ਇਹ ਸ਼ਾਨਦਾਰ ਜਿੱਤ ਕੈਪਟਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਕਾਰਨ ਸੰਭਵ ਹੋ ਸਕੀ ਹੈ। ਉਹਨਾਂ ਕਿਹਾ ਕਿ ਨਵੇਂ ਚੁਣੇ ਗਏ ਮੈਂਬਰ ਸੂਬੇ ਅਤੇ ਦਿਹਾਤੀ ਖੇਤਰ ਦੇ ਵਿਕਾਸ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ। ਸ. ਬਾਜਵਾ ਨੇ ਜਿੱਤਣ ਵਾਲੇ ਉਮੀਦਵਾਰਾਂ ਨੂੰ ਵਧਾਈ ਦੇਣ ਦੇ ਨਾਲ ਪਾਰਟੀ ਦੇ ਵਰਕਰਾਂ ਦਾ ਵੀ ਧੰਨਵਾਦ ਕੀਤਾ ਹੈ।

# ਦੁਆਬੇ 'ਚ ਬਸਪਾ ਦੇ ਉਭਾਰ ਕਾਰਨ ਕਾਂਗਰਸ ਤੇ ਅਕਾਲੀ ਸੋਚੀਂ ਪਏ

**ਜਲੰਧਰ (ਪਾਲ ਸਿੰਘ ਨੌਲੀ)–** ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਦੇ ਆਏ ਨਤੀਜਿਆਂ ਨੇ ਬਸਪਾ ਦਾ ਡੇਢ ਦਹਾਕੇ ਬਾਅਦ ਇਸ ਖਿੱਤੇ ਵਿਚ ਉਭਾਰ ਪੈਦਾ ਕੀਤਾ ਹੈ। ਇਹਨਾਂ ਨਤੀਜਿਆਂ ਵਿਚ ਕਈ ਥਾਂਵਾਂ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਸਫਾਇਆ ਏ ਹੋ ਗਿਆ ਜਦਕਿ ਆਪ ਦਾ ਇਕ ਵੀ ਉਮੀਦਵਾਰ ਜਿੱਤ ਨਹੀਂ ਸਕਿਆ। ਦੁਆਬੇ ਵਿਚ ਬਸਪਾ ਨੇ ਬਲਾਕ ਸੰਮਤੀਆਂ 40 ਤੇ 2 ਜ਼ਿਲ੍ਹਾ ਪ੍ਰੀਸ਼ਦ ਦੀਆਂ ਸੀਟਾਂ ਜਿੱਤ ਕੇ ਇਸ ਖਿੱਤੇ ਵਿਚੋਂ ਅਕਾਲੀ ਦਲ ਅਤੇ ਕਾਂਗਰਸ ਦੋਹਾਂ ਨੂੰ ਸੋਚੀ ਪਾ ਦਿੱਤਾ ਹੈ। ਸ਼ਾਹਕੋਟ ਤੇ ਲੋਈਆਂ ਬਲਾਕਾਂ ਵਿਚ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਮੁਕੰਮਲ ਸਫਾਇਆ ਏ ਹੋ ਗਿਆ। ਚਾਰ ਮਹੀਨੇ ਪਹਿਲਾਂ ਸ਼ਾਹਕੋਟ ਹਲਕੇ ਵਿਚ ਵਿਧਾਨ ਸਭਾ ਦੀ ਹੋਏ ਉਪ ਚੋਣ ਦੌਰਾਨ ਕਾਂਗਰਸ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਨੇ ਸੀਟ ਜਿੱਤ ਕੇ ਹਲਕੇ ਵਿਚ ਆਪਣੀ ਪਕੜ ਮਜ਼ਬੂਤ ਹੋਣ ਦਾ ਸੰਕੇਤ ਦਿੱਤਾ ਹੈ।




ਬਸਪਾ ਦੇ ਨੌਜਵਾਨ ਆਗੂ ਤੇ ਲੋਕ ਸਭਾ ਹਲਕਾ ਜਲੰਧਰ ਦੇ ਇੰਚਾਰਜ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਏ ਬਸਪਾ ਨੇ ਬਲਾਕ ਸੰਮਤੀਆਂ ਦੀਆਂ 20 ਤੋਂ ਵੱਧ ਸੀਟਾਂ ਜਿੱਤੀਆਂ ਹਨ ਤੇ ਨਵਾਂ ਸ਼ਹਿਰ ਤੇ ਨਕੋਦਰ ਦੀਆਂ ਜ਼ਿਲ੍ਹਾ ਪ੍ਰੀਸ਼ਦ ਸੀਟਾਂ ਜਿੱਤੀਆਂ ਹਨ। ਜਮਸ਼ੇਰ ਤੋਂ ਬਸਪਾ ਦਾ ਉਮੀਦਵਾਰ ਸੋਮ ਨਾਥ 8000 ਵੋਟਾਂ ਲੈ ਜਾਣ ਵਿਚ ਸਫਲ ਰਿਹਾ ਜਦਕਿ ਵਿਧਾਨ ਸਭਾ ਚੋਣਾਂ ਦੌਰਾਨ ਜਲੰਧਰ ਛਾਉਣੀ ਵਿਚੋਂ ਬਸਪਾ ਉਮੀਦਵਾਰ ਨੂੰ 8900 ਵੋਟਾਂ ਮਿਲੀਆਂ ਸਨ।

# ਪੰਜਾਬ ਜਲਦ ਜੁੜੇਗਾ 'ਮੋਦੀਕੇਅਰ' ਸਕੀਮ ਨਾਲ- ਬ੍ਰਹਮ ਮਹਿੰਦਰਾ

**ਚੰਡੀਗੜ–** "ਇਹ ਸੱਚ ਨਹੀਂ ਹੈ, ਅਸੀਂ ਇਸ ਦਾ ਕਦੇ ਵਿਰੋਧ ਨਹੀਂ ਕੀਤਾ। ਸਾਨੂੰ ਸਰਕਾਰ ਦੀਆਂ ਕੁਝ ਤਜਵੀਜ਼ਾਂ ਨਾਲ ਮਤਭੇਦ ਸੀ, ਜੋ ਹੁਣ ਸੁਲਝ ਗਿਆ ਹੈ।" ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਕੇਂਦਰ ਸਰਕਾਰ ਦੀ ਆਯੁਸ਼ਮਾਨ ਸਕੀਮ ਬਾਰੇ ਇਹ ਕਿਹਾ।

ਬ੍ਰਹਮ ਮਹਿੰਦਰਾ ਨੇ ਕਿਹਾ ਕਿ ਪੰਜਾਬ ਜਲਦ ਹੀ ਪ੍ਰਧਾਨ ਮੰਤਰੀ ਵੱਲੋਂ ਜਾਰੀ ਕੀਤੀ ਗਈ ਦੁਨੀਆਂ ਦੀ ਸਭ ਤੋਂ ਵਿਸ਼ਾਲ ਬੀਮਾ ਯੋਜਨਾ 'ਆਯ-ਸ਼ਮਾਨ ਭਾਰਤ' ਨਾਲ ਜੁੜ ਜਾਵੇਗਾ।

ਉਨ੍ਹਾਂ ਕਿਹਾ, "ਸੂਬਾ ਯੋਜਨਾ ਦਾ ਲਾਭ ਲੈਣਾ ਚਾਹੁੰਦਾ ਹੈ ਅਤੇ ਇਸ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਮੇਰੀ ਕੋਸ਼ਿਸ਼ ਹੈ ਕਿ ਮੈਂ ਇਸ ਨੂੰ 24 ਸਤੰਬਰ ਵਿੱਚ ਨੂੰ ਹੋਣ ਵਾਲੀ ਕੈਬਨਿਟ ਮੀਟਿੰਗ ਵਿੱਚ ਲੈ ਕੇ ਆਵਾਂ।" ਉਨ੍ਹਾਂ ਨੇ ਅੱਗੇ ਕਿਹਾ ਉਨ੍ਹਾਂ ਨੇ ਪੰਜਾਬ ਬਾਰੇ ਮਈ 'ਚ ਸ਼ਿਮਲਾ ਸੈਰੇਮਨੀ ਵਿੱਚ ਵੀ ਗੱਲ ਕੀਤੀ ਸੀ। "ਕੁਝ 4-5 ਮੁੱਦੇ ਸਨ ਜੋ ਅਸੀਂ ਕੇਂਦਰ ਨਾਲ ਵਿਚਾਰਨਾ ਚਾਹੁੰਦੇ ਸੀ। ਹੁਣ ਸਭ ਕੁਝ ਸੁਲਝ ਗਿਆ ਹੈ।"

**ਕੀ ਸਨ ਮੁੱਦੇ?**

ਅਧਿਕਾਰੀਆਂ ਮੁਤਾਬਕ ਸੂਬੇ ਨੇ ਬੀਮਾ ਕੰਪਨੀਆਂ ਨੂੰ ਭੁਗਤਾਨ ਬਾਰੇ ਕੇਂਦਰ-ਸੂਬੇ ਦੇ ਯੋਗਦਾਨ 'ਤੇ ਸਵਾਲ ਚੁੱਕਿਆ ਸੀ।

ਇਸ ਤੋਂ ਇਲਾਵਾ ਦੂਜਾ ਮੁੱਦਾ ਇਹ ਸੀ ਕਿ ਜਿਹੜੇ ਲੋਕ ਇਸ ਲਈ ਕੰਮ ਕਰਨਗੇ ਉਨ੍ਹਾਂ ਦਾ ਭੁਗਤਾਨ ਕੌਣ ਕਰੇ।

ਜਿਸ ਦਾ ਭੁਗਤਾਨ ਹਰ ਮਹੀਨੇ ਕਰੋੜਾਂ ਵਿੱਚ ਹੋ ਸਕਦਾ ਹੈ। ਕੇਂਦਰ ਨੇ ਕਿਹਾ ਕਿ ਹਸਪਤਾਲਾਂ ਨੂੰ ਇਹ ਤਨਖ਼ਾਹ ਦੇਣੀ ਪਵੇਗੀ।

1995 ਵਿੱਚ ਸੁਪਰੀਮ ਕੋਰਟ ਨੇ ਇਤਿਹਾਸਕ ਫ਼ੈਸਲਾ ਸੁਣਾਇਆ ਸੀ ਜਿਸ ਵਿੱਚ ਅਦਾਲਤ ਨੇ ਸਨਅਤਾਂ ਵਿੱਚ ਖ਼ਤਰਨਾਕ ਮਾਹੌਲ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਸਿਹਤ ਉੱਤੇ ਚਿੰਤਾ ਜ਼ਾਹਰ ਕੀਤੀ ਗਈ ਸੀ।

ਅਦਾਲਤ ਦੇ ਉਸ ਫੈਸਲੇ ਦੇ 23 ਸਾਲ ਬਾਅਦ 2018 'ਚ ਭਾਰਤ ਵਿੱਚ ਲੋਕਾਂ ਲਈ ਵਧੀਆ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਸਿਹਤ ਯੋਜਨਾ ਸ਼ੁਰੂ ਹੋ ਰਹੀ ਹੈ। ਇਹ ਉਨ੍ਹਾਂ ਲਈ ਜ਼ਿਆਦਾ ਲਾਹੇਵੰਦ ਸਾਬਤ ਹੋ ਸਕਦੀ ਹੈ ਜੋ ਲੋਕ ਮੁਸ਼ਕਿਲ ਨਾਲ ਰੋਜ਼ੀ-ਰੋਟੀ ਕਮਾਉਂਦੇ ਹਨ।

'ਆਯੁਸ਼ਮਾਨ ਭਾਰਤ ਨੈਸ਼ਨਲ ਹੈਲਥ ਮਿਸ਼ਨ' ਦੇ ਤਹਿਤ ਭਾਰਤ ਸਰਕਾਰ ਨੇ 'ਪ੍ਰਧਾਨ ਮੰਤਰੀ ਅਰੋਗਿਆ ਯੋਜਨਾ' ਸ਼ੁਰੂ ਕੀਤੀ ਹੈ। ਇਸ ਸਕੀਮ ਨੂੰ 'ਮੋਦੀਕੇਅਰ' ਵੀ ਕਿਹਾ ਜਾ ਰਿਹਾ ਹੈ ਜਿਸਦੇ ਤਹਿਤ ਭਾਰਤ ਦੀ 40 ਫੀਸਦ ਆਬਾਦੀ ਨੂੰ ਸਿਹਤ ਬੀਮੇ ਦਾ ਲਾਭ ਪਹੁੰਚਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਇਹ ਪਹਿਲਾਂ ਤੋਂ ਚੱਲ ਰਹੀਆਂ ਕੌਮੀ ਬੀਮਾ ਯੋਜਨਾਵਾਂ ਅਤੇ ਵੱਖ-ਵੱਖ ਸੂਬਿਆਂ ਵਿੱਚ ਸਿਹਤ ਸਕੀਮਾਂ ਦਾ ਆਪਣੇ ਵਿੱਚ ਰਲੇਵਾਂ ਕਰ ਲਵੇਗਾ।

# ਸਿਆਟਲ ਵਿਰਾਸਤ ਮੇਲਾ ਕਾਮਯਾਬ ਰਿਹਾ ਤੇ ਲੋਕਾਂ ਨੇ ਖ਼ੂਬ ਆਨੰਦ ਮਾਣਿਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਸਿਆਟਲ ਦੇ ਨੌਜਵਾਨਾਂ ਦੀ ਅਗਵਾਈ ਹੇਠ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲ ਜੋੜਨ ਦੇ ਮੰਤਵ ਲਈ ਐਬਰਨ ਹਾਈ ਸਕੂਲ ਦੇ ਪਰਫਾਰਮਿੰਗ ਸੈਂਟਰ ਵਿਚ ਸਿਆਟਲ ਵਿਰਾਸਤ ਮੇਲੇ ਵਿਚ ਖਚਾਖਚ ਭਰੇ ਥੀਏਟਰ ਵਿਚ ਦਰਸ਼ਕਾਂ ਨੇ ਰੰਗਾ ਰੰਗ ਸਭਿਆਚਾਰਕ ਪ੍ਰੋਗਰਾਮ ਦਾ ਖ਼ੂਬ ਆਨੰਦ ਮਾਣਿਆ ਅਤੇ ਸਮਾਗਮ ਦੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਇਸ ਸਮਾਗਮ ਵਿਚ ਕੈਂਟ ਦੀ ਮੇਅਰ ਡਾਨਾ ਰੈਲਫ, ਸੈਨੇਟਰ ਮਾਰਕ, ਜੀਉਰੇਨ ਸੈਨੇਟਰ, ਸਤਵਿੰਦਰ ਕੌਰ ਕੌਂਸਲ ਮੈਂਬਰ, ਬਰੈਂਡਾਂ ਅਤੇ ਸਤਪਾਲ ਸਿੱਧੂ ਬੈਲਗਰਿੰਮ ਫੁੱਟਸ ਕਾਊਂਟੀ ਕੌਂਸਲ ਮੈਂਬਰ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਪੰਜਾਬੀ ਭਾਈਚਾਰੇ ਦੇ ਸਾਂਝੇ ਕਾਰਜਾਂ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਬਹਾਦਰ ਸਿੰਘ ਸੈਲਮਾ, ਚੇਅਰਮੈਨ ਸਿੱਖ ਸੇਵਾ ਫਾਊਂਡੇਸ਼ਨ, ਜਗਮੋਹਨ ਸਿੰਘ ਸੈਲਮਾ, ਆਲ ਇੰਡੀਆ ਡੀ. ਏ. ਵੀ. ਕਾਲਜਾਂ ਦੇ ਡਾਇਰੈਕਟਰ ਸਤੀਸ਼ ਸ਼ਰਮਾ, ਰੇਡੀਓ ਪੰਜਾਬ ਦੇ ਸੰਚਾਲਕ ਸੁਖਦੇਵ ਸਿੰਘ ਢਿੱਲੋਂ, ਐਕਸਪੀਡੀਆ ਦੇ ਮੁਖੀ ਅਮਨ ਭੁਟਾਨੀ, ਲਾਲ ਸਿੱਧੂ, ਰਜਿੰਦਰ ਜੌਹਲ, ਸਪੋਕੇਨ ਤੋਂ ਅਜੀਤ ਸਿੰਘ ਨਾਗਰਾ, ਵਿਸ਼ਵਜੀਤ ਸਿੰਘ ਸਪੀਕਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਏ. ਸੀ. ਸੀ. ਭੰਗੜਾ ਸਿਆਟਲ ਤੇ ਸ਼ਾਨ-ਏ-ਪੰਜਾਬ ਸਰੀ (ਕੈਨੇਡਾ) ਦੇ ਬੱਚਿਆਂ ਨੇ ਤਹਿਲਕਾ ਮਚਾ ਦਿੱਤਾ ਤੇ ਸਾਰੇ ਦਰਸ਼ਕਾਂ ਨੂੰ ਝੂੰਮਣ ਲਾ ਦਿੱਤਾ। ਗੁਰਦੀਪ ਅਕੈਡਮੀ ਸਰੀ ਵੱਲੋਂ ਦੋਗਾਣਾ, ਸਕਿੱਟ ਪੇਸ਼ ਕੀਤੇ। ਸਭਿਆਚਾਰਕ ਪ੍ਰੋਗਰਾਮ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਆਸ਼ਾ ਸ਼ਰਮਾ ਨੇ ਸਟੇਜ ਦਾ ਰੰਗ ਬੰਨ੍ਹੀ ਰੱਖਿਆ। ਸਰਦਾਰ ਪੰਜਾਬੀ ਤੇ ਮਿਸ ਪੰਜਾਬਣ 2018 ਦੇ ਮੁਕਾਬਲੇ ਕਰਵਾਏ ਗਏ। ਅਮਿਤ ਯੂ. ਐਸ. ਏ. ਟਰੈਵਲ ਵੱਲੋਂ ਇੰਡੀਆ ਦੀ ਮੁਫਤ ਟਿਕਟ ਦੀ ਲਾਟਰੀ ਕੱਢੀ ਗਈ ਜੋ ਉਂਕਾਰ ਸਿੰਘ ਭੰਡਾਲ ਦੀ ਨਿਕਲੀ। ਇਸ ਸਮਾਗਮ ਵਿਚ ਸਪਾਂਸਰ, ਦਾਨੀ ਸੱਜਣਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਿਆਟਲ ਦੇ ਨੌਜਵਾਨਾਂ ਨੇ ਬੜੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ, ਜਿਸ ਕਰਕੇ ਸਿਆਟਲ ਵਿਰਾਸਤ ਮੇਲਾ ਕਾਮਯਾਬ ਰਿਹਾ ਤੇ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ।

# ਅੰਗ੍ਰੇਜ਼ੀ ਵਿਸ਼ੇ ਦਾ ਸਿਲੇਬਸ ਤਰਕਸੰਗਤ ਕਰਨ ਦਾ ਸਵਾਗਤ




ਅੰਗ੍ਰੇਜ਼ੀ ਅਧਿਆਪਕਾਂ ਦੀ ਬੜੇ ਲੰਬੇ ਸਮੇਂ ਤੋਂ ਮੰਗ ਸੀ ਕਿ ਅੰਗ੍ਰੇਜ਼ੀ ਵਿਸ਼ੇ ਦੇ ਛੇਵੀਂ ਤੋਂ ਦਸਵੀਂ ਜਮਾਤ ਦੇ ਬਹੁਤ ਜਿਆਦਾ ਵਿਸਥਾਰਿਤ ਸਿਲੇਬਸ ਨੂੰ ਘੱਟ ਕੀਤਾ ਜਾਵੇ ਅਤੇ ਇਸ ਵਿੱਚ ਲੋੜੀਂਦੀ ਸੋਧ ਕੀਤੀ ਜਾਵੇ।

ਅੰਗ੍ਰੇਜ਼ੀ ਮਾਸਟਰਜ਼ ਐਸੋਸੀਏਸ਼ਨ ਪੰਜਾਬ ਨੇ ਇਸ ਮੰਗ ਨੂੰ ਸਿਖਿਆ ਮੰਤਰੀ ਸ਼੍ਰੀ ਓਮ ਪ੍ਰਕਾਸ਼ ਸੋਨੀ, ਸਿਖਿਆ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਅਤੇ ਸਟੇਟ ਪ੍ਰੋਜੈਕਟ ਕੋਆਰਡੀਨੇਟਰ ਸ਼੍ਰੀਮਤੀ ਹਰਪ੍ਰੀਤ ਕੌਰ ਕੋਲ ਬੜੇ ਪੁਰਜ਼ੋਰ ਅਤੇ ਬਾਦਲੀਲ ਤਰੀਕੇ ਨਾਲ ਉਠਾਇਆ। ਇਸ ਨੂੰ ਪੂਰੀ ਗੰਭੀਰਤਾ ਨਾਲ ਲੈਂਦਿਆਂ ਸਰਕਾਰ ਦੇ ਸਿਖਿਆ ਵਿਭਾਗ ਨੇ ਅੰਗ੍ਰੇਜ਼ੀ ਵਿਸ਼ੇ ਦੇ ਸਿਲੇਬਸ ਨੂੰ ਘੱਟ ਕਰ ਦਿੱਤਾ ਹੈ ਅਤੇ ਇਸ ਵਿਚ ਹੋਰ ਵੀ ਲੋੜੀਦੀਆਂ ਤਬਦੀਲੀਆਂ ਕੀਤੀਆਂ ਹਨ। ਇਸ ਮੌਕੇ ਅੰਗ੍ਰੇਜ਼ੀ ਮਾਸਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਸ਼ਰਮਾਂ ਨੇ ਸਿਖਿਆ ਮੰਤਰੀ, ਸਿਖਿਆ ਸਕੱਤਰ ਅਤੇ ਸਟੇਟ ਪ੍ਰੋਜੈਕਟ ਕੋਆਰਡੀਨੇਟਰ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਯੂਨੀਅਨ ਦੀ ਇਸ ਮੰਗ ਨੂੰ ਗੰਭੀਰਤਾ ਨਾਲ ਲੈਂਦੇ ਇਸ ਵਿੱਚ ਦਿਲਚਸਪੀ ਦਿਖਾਈ ਅਤੇ ਇਸ ਤੇ ਕਾਰਵਾਈ ਕੀਤੀ । ਅਸਲ ਵਿੱਚ ਪਹਿਲਾਂ ਇਹ ਸਿਲੇਬਸ ਬਹੁਤ ਹੀ ਜਿਆਦਾ ਅਤੇ ਬੇਲੋੜਾ ਸੀ ਜਿਸ ਨੂੰ ਅਧਿਆਪਕ ਬੜੀ ਮੁਸ਼ਕਿਲ ਨਾਲ ਪੂਰਾ ਕਰਦੇ ਸਨ ਅਤੇ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਇਸ ਦੀ ਦਹੁਰਾਈ ਕਰਵਾਉਣ ਲਈ ਬਹੁਤ ਘੱਟ ਸਮਾਂ ਮਿਲਦਾ ਸੀ।

ਹੁਣ ਘੱਟ ਅਤੇ ਸੋਧੇ ਹੋਏ ਸਿਲੇਬਸ ਨਾਲ ਜ਼ਰੂਰ ਹੀ ਸਿਖਣ ਸਿਖਾਉਣ ਦਾ ਪੱਧਰ ਉਚਾ ਹੋਵੇਗਾ ਜੋ ਕਿ ਵਿਦਿਆਰਥੀਆਂ ਲਈ ਲਾਭਕਾਰੀ ਹੋਵੇਗਾ। ਇਸ ਮੌਕੇ ਯੂਨੀਅਨ ਦੇ ਪ੍ਰੈਸ ਸਕੱਤਰ ਚੰਦਰਸ਼ੇਖਰ ਨੇ ਕਿਹਾ ਕਿ ਸਿਲੇਬਸ ਵਿੱਚ ਬਦਲਾਅ ਕਰਨਾ ਸਮੇਂ ਦੀ ਅਨਸਰਦੀ ਲੋੜ ਸੀ ਜਿਸ ਨੂੰ ਕਿ ਪੂਰਾ ਕਰਕੇ ਅੰਗ੍ਰੇਜ਼ੀ ਵਿਸ਼ੇ ਦੇ ਗੁਣਾਤਮਕ ਪੱਧਰ ਵਿੱਚ ਤਬਦੀਲੀ ਆਵੇਗੀ।

# ਵਿਆਹ ਵਰਗੀਆਂ ਵੋਟਾਂ?

ਜਾਪੇ 'ਤੀਸਰੇ' ਵਾਲੀ ਤਾਂ ਗੱਲ ਛੱਡੀ
ਪੰਜੇ-ਤੱਕੜੀ ਵਿਚ ਹੀ ਤੁੱਲ ਜਾਂਦੇ।

ਵੋਟਰ ਉਲਝਦੇ ਹੋਰ ਝਮੇਲਿਆਂ ਵਿਚ
ਸਿਆਸਤਦਾਨਾਂ ਦੇ ਲੱਗ ਨੇ ਟੁੱਲ ਜਾਂਦੇ।

ਸੱਚ-ਗੱਪ ਦੀ ਪਰਖ ਨਾ ਮੂਲ ਕਰਦੇ
ਨਵੇਂ ਨਾਹਰਿਆਂ ਉਤੇ ਹੀ ਡੁੱਲ੍ਹ ਜਾਂਦੇ।

ਲੰਮੀ ਸੋਚ ਸਿਆਣਪ ਤੋਂ ਵਿਰਵਿਆਂ 'ਤੇ
ਝੱਖੜ ਚੰਦਰੇ ਆਖਰ ਨੂੰ ਝੁੱਲ ਜਾਂਦੇ।

ਇਸੇ ਲੀਹ ਪੁਰਾਣੀ 'ਤੇ ਚਲਦਿਆਂ ਹੀ
ਇਨਕਲਾਬ ਦੇ ਦੀਵੇ ਹੋ ਗੁੱਲ ਜਾਂਦੇ।

ਚਾਅ ਵੋਟਾਂ ਦਾ ਵਿਆਹ ਦੇ ਵਾਂਗ ਚੜ੍ਹਦਾ
ਮਸਲੇ ਫੇਰ ਪੁਰਾਣੇ ਸਭ ਭੁੱਲ ਜਾਂਦੇ।



**ਤਰਲੋਚਨ ਸਿੰਘ ਦੁਪਾਲਪੁਰ**
**001-408-915-1268**

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਭਾਈ ਘਨੱਈਆ ਜੀ ਦੀ ਤੀਸਰੀ ਸ਼ਤਾਬਦੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ



**ਨਿਊਯਾਰਕ (ਹੁਸਨ ਲੜੋਆ ਬੰਗਾ)–** ਭਾਈ ਘਨੱਈਆ ਜੀ ਦੀ ਤੀਸਰੀ ਸ਼ਤਾਬਦੀ ਨਾਲ ਸਬੰਧਤ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਯਾਦਗਾਰੀ ਸਮਾਗਮ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਅਖੰਡ ਪਾਠ ਸਾਬਿਨ ਦੇ ਭੋਗ ਉਪਰੰਤ ਭਾਈ ਗੁਰਪ੍ਰੀਤ ਸਿੰਘ ਬਲੜਵਾਲ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਭਾਈ ਸੁੱਚਾ ਸਿੰਘ ਡੇਰਾ ਪਠਾਣਾਂ ਦੇ ਕਵੀਸ਼ਰੀ ਜਥੇ ਵੱਲੋਂ ਭਾਈ ਘਨੱਈਆ ਜੀ ਦਾ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਰਣਜੀਤ ਸਿੰਘ ਨਡਾਲਾ ਨੇ ਕਥਾ ਵਿਚਾਰਾਂ ਰਾਹੀਂ ਭਾਈ ਘਨੱਈਆ ਜੀ ਦੀ ਮਾਨਵਤਾਂ ਪ੍ਰਤੀ ਸੇਵਾਵਾਂ ਦਾ ਜ਼ਿਕਰ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਭਾਈ ਘਨੱਈਆ ਜੀ ਨੇ ਸਿੱਖੀ ਸਿਧਾਂਤ ਤੇ ਪਹਿਰਾ ਦੇ ਕੇ ਸੇਵਾ ਰਾਹੀਂ ਪ੍ਰਚਾਰ ਪ੍ਰਸਾਰ ਕੀਤਾ। ਉਹਨਾਂ ਕਿਹਾ ਕਿ ਉਹਨਾ ਦੀਆਂ ਸੇਵਾਵਾਂ ਨੂੰ ਵਿਸ਼ਵ ਪੱਧਰ ਤੇ ਪ੍ਰਚਾਰਨ ਦੀ ਲੋੜ ਹੈ ਤਾਂ ਕਿ ਰੈਡ ਕਰਾਸ ਵਿੱਚ ਉਹਨਾਂ ਦੀਆਂ ਸੇਵਾਵਾਂ ਨੂੰ ਮਾਨਤਾ ਮਿਲ ਸਕੇ।ਇਸ ਮੌਕੇ ਗੁਰੂ-ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ ਤੋਰ ਤੇ ਪਹੁੰਚੇ ਡਾ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਗੁਰੂ ਘਰ ਦੇ ਪ੍ਰਧਾਨ ਰਘਵੀਰ ਸਿੰਘ ਬੱਬੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ ਮਨਾਉਣ ਲਈ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਦਲੇਰ ਸਿੰਘ ਹਰਿਆਣਾ ਨੇ ਨਿਭਾਈ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤ ਤੋਂ ਇਲਾਵਾ ਚੇਅਰਮੈਨ ਗਰੀਬ ਸਿੰਘ ਕਾਲੀ, ਆਗਾਮੀ ਪ੍ਰਧਾਨ ਗੁਰਮੀਤ ਸਿੰਘ, ਹੈਡ ਗ੍ਰੰਥੀ ਗਿਆਨੀ ਜਸਪਾਲ ਸਿੰਘ, ਮਾਸਟਰ ਮਹਿੰਦਰ ਸਿੰਘ, ਰਘਵੀਰ ਸਿੰਘ ਸੁਭਾਨਪੁਰ, ਹਿੰਮਤ ਸਿੰਘ ਸਰਪੰਚ, ਪ੍ਰੀਤਮ ਸਿੰਘ ਗਿਲਜ਼ੀਆਂ, ਕੁਲਦੀਪ ਸਿੰਘ ਖਾਲਸਾ, ਮਹਿੰਦਰ ਸਿੰਘ ਮਹਿਮਦਪੁਰ, ਦਿਲਬਾਗ ਸਿੰਘ ਮਿਆਣੀ, ਗੁਰਮੇਜ ਸਿੰਘ ਹਰਿਆਣਾ, ਸੁਖਜਿੰਦਰ ਸਿੰਘ ਸੁਭਾਨਪੁਰ, ਬਲਦੇਵ ਸਿੰਘ ਗਿਲਜ਼ੀਆ, ਸਤਨਾਮ ਸਿੰਘ ਭਲਵਾਨ, ਅਮਰੀਕ ਸਿੰਘ ਮੂਰਥਲੀ, ਬਲਵਿੰਦਰ ਸਿੰਘ ਸੁਭਾਨਪੁਰ, ਮਾਸਟਰ ਹਰਜੀਤ ਸਿੰਘ, ਰਣਜੀਤ ਸਿੰਘ ਮਹਿਮਦਪੁਰ, ਦਲੀਪ ਸਿੰਘ ਰਾਏਪੁਰ, ਹਰਵਿੰਦਰ ਸਿੰਘ ਪੰਮਾ ਅਤੇ ਕੁਲਵੰਤ ਸਿੰਘ ਨਡਾਲਾ ਹਾਜਰ ਸਨ।

# ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 748ਵਾਂ ਰਾਜ ਪੱਧਰੀ ਗੁਰ ਪੁਰਬ ਮਨਾਉਣ ਦੇ ਲਈ ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧ ਸਭਾ ਦੀ ਮੀਟਿੰਗ



**ਬਠਿੰਡਾ (ਗੁਰਬਾਜ ਗਿੱਲ)–** ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧ ਸਭਾ ਰਜਿ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 748 ਵਾਂ ਰਾਜ ਪੱਧਰੀ ਗੁਰ ਪੂਰਬ ਮਨਾਉਣ ਦੇ ਲਈ ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧ ਸਭਾ ਰਜਿ ਦੇ ਕੋਮੀ ਪ੍ਰਧਾਨ ਨਿਰੰਜਣ ਸਿੰਘ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਬਾਬਾ ਨਾਮਦੇਵ ਭਵਨ ਵਿਖੇ ਮੀਟਿੰਗ ਕੀਤੀ ਗਈ ਇਸ ਮੀਟਿੰਗ ਦੀ ਪ੍ਰਧਾਨਗੀ ਟਾਕ ਕਸ਼ੱਤਰੀ ਸਭਾ ਕੋਟਕਪੂਰਾ ਦੇ ਪ੍ਰਧਾਨ ਸ਼ਰਨਜੀਤ ਸਿੰਘ ਮੂਕਰ ਨੇ ਕੀਤੀ ਮੀਟਿੰਗ ਦੌਰਾਨ ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਚੋਹਾਨ ਬਠਿੰਡਾ, ਜਰਨਲ ਸਕੱਤਰ ਮੇਜਰ ਸਿੰਘ ਸਿੱਧੂ ਬਠਿੰਡਾ, ਦਫਤਰ ਸਕੱਤਰ ਸੁਖਮੰਦਰ ਸਿੰਘ ਬੇਦੀ ਸ੍ਰੀ ਮੁਕਤਸਰ ਸਾਹਿਬ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ ਮੀਟਿੰਗ ਦੌਰਾਨ ਸਮੂੰਹ ਮੈਂਬਰਾ ਵਲੋ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਰਾਜ ਪੱਧਰੀ ਗੁਰ ਪੁਰਬ ਸਮਾਗਮ ਕਰਵਾਉਣ ਲਈ ਖੁਲ ਕੇ ਵਿਚਾਰਾ ਕੀਤੀਆ ਤੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਬਾਬਾ ਜੀ ਦਾ ਗੁਰ ਪੁਰਬ ਸਮਾਗਮ18 ਨਵੰਬਰ ਨੂੰ ਬਾਬਾ ਨਾਮਦੇਵ ਭਵਨ ਕੋਟਕਪੂਰਾ ਵਿਖੇ ਕਰਵਾਇਆ ਜਾਵੇ ਇਸ ਮੋਕੇ ਤੇ ਭਵਨ ਦੇ ਗ੍ਰੰਥੀ ਬੁੱਧ ਸਿੰਘ ਜੀ ਵਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਚ ਅਰਦਾਸ ਕੀਤੀ ਗਈ ਅਤੇ ਸਮੂੰਹ ਸੰਗਤਾ ਨੇ ਗੁਰ ਪੁਰਬ ਕਰਵਾਉਣ ਲਈ ਸਤਿਗੁਰਾਂ ਤੋ ਅਸ਼ੀਰਵਾਦ ਲਿਆ ਇਸ ਸਮਾਗਮ ਸਬੰਧੀ ਹੋਰ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਆਲ ਇੰਡੀਆ ਦੇ ਕੋਮੀ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਨੇ ਦੱਸਿਆ ਕਿ ਬਾਬਾ ਨਾਮਦੇਵ ਜੀ ਦਾ ਗੁਰਪੁਰਬ ਮਨਾਉਣ ਲਈ 16 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਅਰੰਭ ਬਾਬਾ ਨਾਮਦੇਵ ਭਵਨ ਕੋਟਕਪੂਰਾ ਵਿਖੇ ਹੋਵੇਗਾ 18 ਨਵੰਬਰ ਦਿਨ ਐਤਵਾਰ ਨੂੰ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਖੁਲੇ ਪੰਡਾਲ ਵਿੱਚ ਦੀਵਾਨ ਸਜਾਇਆ ਜਾਵੇਗਾ ਇਸ ਮੋਕੇ ਤੇ ਗੁਰੂ ਘਰ ਦੇ ਕੀਰਤਨੀ ਜਥੇ ਵਲੋ ਜਿਥੇ ਬਾਬਾ ਨਾਮਦੇਵ ਜੀ ਦੀ ਬਾਣੀ ਦਾ ਜਾਪ ਕੀਤਾ ਜਾਵੇਗਾ ਉਥੇ ਹੀ ਬਾਬਾ ਜੀ ਦੇ ਜੀਵਨ ਤੇ ਕਥਾ ਕੀਤੀ ਜਾਵੇਗੀ ਇਸ ਮੋਕੇ ਤੇ ਟਾਕ ਕਸੱਤਰੀ ਸਭਾ ਬਠਿੰਡਾ ਅਤੇ ਟਾਕ ਕਸ਼ੱਤਰੀ ਸਭਾ ਬਰਨਾਲਾ ਦੀਆ ਸੰਗਤਾ ਵਲੋ 51000 / 51000 ਹਜ਼ਾਰ ਰੁਪਏ ਗੁਰੂ ਦੇ ਲੰਗਰ ਲਈ ਸਹਿਯੋਗ ਦੇਣ ਲਈ ਕਿਹਾ ਰੱਖਰਾ ਨੇ ਦੱਸਿਆ ਕਿ ਸਾਰੇ ਪੰਜਾਬ ਦੀਆ ਇਕਾਈਆਂ ਨੂੰ ਇਸ ਸਮਾਗਮ ਸਬੰਧੀ ਸੱਦਾ ਪੱਤਰ ਭੇਜੇ ਜਾਣਗੇ ਇਸ ਸਮੇ ਤੇ ਕੋਟਕਪੂਰਾ ਸਭਾ ਦੇ ਸਰਪ੍ਰਸਤ ਮਲਕੀਤ ਸਿੰਘ, ਅਮਰ ਸਿੰਘ, ਸੁਰਿੰਦਰ ਸਿੰਘ, ਮਲਕੀਤ ਸਿੰਘ, ਸੁਖਦੀਪ ਸਿੰਘ, ਬਲਦੇਵ ਸਿੰਘ ਅਤੇ ਸੁਖਜੀਤ ਸਿੰਘ ਮੌਜੂਦ ਸਨ।

# ਗ਼ਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਸਬੰਧੀ ਵਿਸ਼ਾਲ ਇਕੱਤਰਤਾ

**ਜਲੰਧਰ–** ਆਜ਼ਾਦੀ ਸੰਗਰਾਮ 'ਚ ਨਿਵੇਕਲੀ ਇਨਕਲਾਬੀ ਤਵਾਰੀਖ਼ ਦੇ ਮਾਣ-ਮੱਤੇ ਸਫ਼ੇ ਲਿਖਣ ਵਾਲੀ, ਹਰ ਵੰਨਗੀ ਦੀ ਲੁੱਟ-ਖੋਹ, ਵਿਤਕਰੇ, ਜ਼ਬਰ ਤੋਂ ਮੁਕਤ ਨਵੇਂ ਰਾਜ ਅਤੇ ਸਮਾਜ ਨੂੰ ਪ੍ਰਣਾਈ ਜ਼ਿੰਦਗੀ ਸਿਰਜਣ ਨੂੰ ਪ੍ਰਣਾਈ ਗ਼ਦਰ ਲਹਿਰ ਦੇ ਸੰਗਰਾਮੀ ਸ਼ਹੀਦਾਂ ਅਤੇ ਮਿਸਾਲੀ ਦੇਸ਼ ਭਗਤਾਂ ਦੀ ਯਾਦ 'ਚ 30 ਅਕਤੂਬਰ ਤੋਂ 2 ਨਵੰਬਰ ਸਰਘੀ ਵੇਲੇ ਤੱਕ ਚੱਲਣ ਵਾਲੇ 27ਵੇਂ ਮੇਲੇ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਗੰਭੀਰ ਵਿਚਾਰ-ਚਰਚਾ ਭਰੀ ਵਿਸ਼ਾਲ ਮੀਟਿੰਗ ਹੋਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਕਾਰਲ ਮਾਰਕਸ ਦੀ 200ਵੀਂ ਜਨਮ ਵਰ੍ਹੇ ਗੰਢ ਨੂੰ ਸਮਰਪਤ ਮੇਲਾ ਗ਼ਦਰੀ ਬਾਬਿਆਂ ਦਾ ਰਸਮੀ ਸਭਿਆਚਾਰਕ ਮੇਲਾ ਨਹੀਂ। ਇਹ ਇਤਿਹਾਸ ਦਰਸ਼ਨ, ਇਨਕਲਾਬੀ ਸੰਗਰਾਮ ਅਤੇ ਸਾਡੇ ਸਮਿਆਂ ਦੇ ਮਘਦੇ ਸੁਆਲਾਂ ਨੂੰ ਮੁਖ਼ਾਤਬ ਹੋਵੇਗਾ।

ਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30 ਅਕਤੂਬਰ ਸ਼ਮ੍ਹਾ ਰੌਸ਼ਨ ਉਪਰੰਤ ਭਾਸ਼ਣ ਅਤੇ ਗਾਇਨ ਮੁਕਾਬਲਾ ਹੋਏਗਾ। ਸ਼ਾਮ 7 ਵਜੇ ਸਥਾਨਕ ਟੀਮਾਂ ਨਾਟਕ ਖੇਡਣਗੀਆਂ। ਭਾਸ਼ਣ ਮੁਕਾਬਲੇ ਦਾ ਵਿਸ਼ਾ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਮਹੱਤਵ' ਰੱਖੇ ਜਾਣ ਬਾਰੇ



ਦੱਸਦਿਆਂ ਉਹਨਾਂ ਕਿਹਾ ਕਿ ਮੁਲਕ ਦੇ ਅਜੋਕੇ ਮੰਚ ਉਪਰ ਬਹੁ-ਚਰਚਿਤ ਇਸ ਮਸਲੇ ਉਪਰ ਪ੍ਰਤੀਯੋਗੀ ਖੁੱਲ੍ਹਕੇ ਆਪਣੇ ਵਿਚਾਰ ਰੱਖਣਗੇ।

ਗਾਇਨ ਮੁਕਾਬਲੇ 'ਚ ਗਲੇ-ਸੜੇ, ਬਿਮਾਰ, ਕਾਮ ਉਕਸਾਊ, ਅੰਧ-ਵਿਸ਼ਵਾਸ਼ੀ ਭਰੇ ਲੋਕ-ਦੋਖੀ ਸਭਿਆਚਾਰ ਦੇ ਬੁੱਕਲ 'ਚ ਇਨਕਲਾਬੀ ਵਿਸ਼ੇ ਰੱਖੇ ਗਏ ਹਨ।

ਕਨਵੀਨਰ ਨੇ ਦੱਸਿਆ ਕਿ ਮੇਲੇ ਦੇ ਦੂਜੇ ਦਿਨ ਕੁਇਜ਼ ਅਤੇ ਪੇਂਟਿੰਗ ਮੁਕਾਬਲੇ ਉਪਰੰਤ ਬਾਅਦ ਦੁਪਹਿਰ ਵਿਗਿਆਨਕ ਵਿਚਾਰਾਂ ਹੋਣਗੀਆਂ। ਸ਼ਾਮ 4 ਤੋਂ 6 ਵਜੇ ਤੱਕ ਕਵੀ ਦਰਬਾਰ ਅਤੇ 7 ਤੋਂ 9 ਵਜੇ ਤੱਕ ਦਸਤਾਵੇਜ਼ੀ ਫ਼ਿਲਮ ਸ਼ੋਅ ਹੋਏਗਾ।

ਉਹਨਾਂ ਦੱਸਿਆ ਕਿ ਪਹਿਲੀ ਨਵੰਬਰ ਸਵੇਰੇ 10 ਵਜੇ ਸੀਨੀਅਰ ਟਰੱਸਟੀ ਨੌਨਿਹਾਲ ਸਿੰਘ ਗ਼ਦਰੀ ਝੰਡਾ ਲਹਿਰਾਉਣਗੇ ਅਤੇ ਆਪਣੇ ਵਿਚਾਰ ਸਾਂਝੇ ਕਰਨਗੇ। ਝੰਡੇ ਦੇ ਗੀਤ ਉਪਰੰਤ ਵੰਨ-ਸੁਵੰਨੀਆਂ ਕਲਾ ਕ੍ਰਿਤਾਂ ਹੋਣਗੀਆਂ। ਇਸ ਦਿਨ ਹੀ ਪ੍ਰੋ. ਆਨੰਦ ਤੈਲਤੁੰਬੜੇ, ਦਲਿਤ ਸਾਹਿਤ ਦੇ ਮੰਨੇ ਪ੍ਰਮੰਨੇ ਖੋਜ਼ਕਾਰ ਅਤੇ ਜਮਹੂਰੀ ਕਾਮੇ ਮੁੱਖ ਭਾਸ਼ਣ ਦੇਣਗੇ। ਸ਼ਾਮ 4 ਤੋਂ 6 ਵਜੇ ਤੱਕ ਵਿਚਾਰ-ਚਰਚਾ ਹੋਏਗੀ।

ਭਹਿਲੀ ਨਵੰਬਰ ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਆਗਾਜ਼ 'ਜਾਗੋ' ਨਾਲ ਹੋਏਗਾ। ਇਸ ਰਾਤ ਸਮਾਜਕ ਸਰੋਕਾਰਾਂ ਦੀ ਬਾਤ ਪਾਉਂਦੇ ਬਹੁਤ ਹੀ ਦਿਲਕਸ਼ ਨਾਟਕ ਅਤੇ ਗੀਤ-ਸੰਗੀਤ ਦਾ ਯਾਦਗਾਰੀ ਰੰਗ ਹੋਏਗਾ।

27ਵੇਂ ਮੇਲੇ ਨੂੰ ਹੋਰ ਵੀ ਹਰਮਨ ਪਿਆਰਾ ਬਣਾਉਣ ਲਈ ਪ੍ਰੋ. ਗੋਪਾਲ ਬੁੱਟਰ, ਪ੍ਰੋ. ਸੁਖਵਿੰਦਰ ਸਿੰਘ ਸੰਘਾ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਕਾ. ਜਗਰੂਪ, ਕਾ. ਸੁਰਿੰਦਰ ਕੁਮਾਰੀ ਕੋਛੜ, ਡਾ. ਸੈਲੇਸ਼, ਡਾ. ਪਰਮਿੰਦਰ ਨੇ ਅਮੁੱਲੇ ਸੁਝਾਅ ਰੱਖੇ। ਉਹਨਾਂ ਨੇ ਮੇਲੇ ਦੀ ਹਰ ਵੰਨਗੀ ਯਾਦਗਾਰੀ ਬਣਾਉਣ ਉਪਰ ਜ਼ੋਰ ਦਿੱਤਾ।

ਅਖੀਰ 'ਚ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਫੰਡ ਅਤੇ ਲੰਗਰ 'ਚ ਰਾਸ਼ਨ ਆਦਿ ਦੀ ਹਾਜ਼ਰੀ ਪਾਉਣ ਲਈ ਅਪੀਲ ਕਰਦਿਆਂ ਆਸ ਪ੍ਰਗਟਾਈ ਕਿ 27ਵਾਂ ਮੇਲਾ ਯਾਦਗਾਰੀ ਹੋਏਗਾ।

**ਜਾਰੀ ਕਰਤਾ:- ਅਮੋਲਕ ਸਿੰਘ**

# ਮਨਰਾਜ ਮਿਊਜ਼ਿਕ ਵੱਲੋਂ ਗਾਇਕ ਨਿਸ਼ਾਨ ਉੱਚੇਵਾਲਾ ਦਾ ਟਰੈਕ "ਹੀਰ ਰਾਂਝਾ" ਰਿਲੀਜ਼






**ਬਠਿੰਡਾ (ਗੁਰਬਾਜ ਗਿੱਲ)–** ਅਨੇਕਾਂ ਹੀ ਸੁਪਰ-ਡੁਪਰ ਤੇ ਹਿੱਟ ਗੀਤਾਂ ਨਾਲ ਪੰਜਾਬੀ ਗਾਇਕੀ ਦੇ ਵਿਹੜੇ ਚ' ਆਪਣੀ ਵਿਲੱਖਣ ਪਹਿਚਾਣ ਬਣਾਉਣ ਵਾਲੇ ਗਾਇਕ ਨਿਸ਼ਾਨ ਉੱਚੇਵਾਲ ਦਾ ਨਵਾਂ ਸਿੰਗਲ ਟਰੈਕ ''ਹੀਰ ਰਾਂਝਾ'' ਪ੍ਰੋਡਿਊਸਰ ਭੁਪਿੰਦਰ ਸੰਧੂ ਉਧੋਕੇ ਅਤੇ ਮਨਰਾਜ ਮਿਊਜ਼ਿਕ ਵੱਲੋਂ ਬੜੇ ਵੱਡੇ ਪੱਧਰ 'ਤੇ ਰਿਲੀਜ਼ ਕੀਤਾ ਗਿਆ। ਪੇਸ਼ਕਾਰ ਤੇ ਨਿਰਮਾਤਾ ਭੁਪਿੰਦਰ ਸੰਧੂ ਉਧੋਕੇ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਗੀਤਕਾਰ ਚੰਨ ਮੋਮੀ ਦੇ ਲਿਖੇ ਇਸ ਕਲੀ-ਨੁਮਾ ਗੀਤ ਦਾ ਸੰਗੀਤ ਬੌਬੀ ਉੱਤਮ ਨੇ ਤਿਆਰ ਕੀਤਾ ਹੈ। ਕੰਪਨੀ ਦੇ ਯੂ-ਟਿਊਬ ਚੈਨਲ 'ਤੇ ਪਾਏ ਇਸ ਗੀਤ ਨੂੰ ਸਰੋਤਿਆ ਦਾ ਭਰਵਾਂ ਹੁੰਗਾਰਾ ਮਿਲ ਰਿਹਾ।

# ਬਸਪਾ ਵੱਲੋਂ ਅਮਰਜੀਤ ਭੱਟੀ ਨੂੰ ਬੀ. ਵੀ. ਐਫ. ਕਨਵੀਨਰ ਸਿਟੀ ਹੁਸ਼ਿਆਰਪੁਰ ਨਿਯੁਕਤ ਕੀਤਾ



**ਹੁਸ਼ਿਆਰਪੁਰ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਦੀ ਅਗਵਾਈ ਹੇਠ ਭੀਮ ਕ੍ਰਾਂਤੀ ਦਲ ਦੇ ਪ੍ਰਧਾਨ ਅਮਰਜੀਤ ਕੁਮਾਰ ਭੱਟੀ ਬਹੁਜਨ ਸਮਾਜ ਪਾਰਟੀ (ਬਸਪਾ) 'ਚ ਸ਼ਾਮਲ ਹੋ ਗਏ ਸੀ, ਭੀਮ ਕ੍ਰਾਂਤੀ ਦਲ ਨੂੰ ਛੱਡ ਕੇ ਤੇ ਬਸਪਾ ਪੰਜਾਬ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ 'ਚ ਜੇਕਰ ਦਲਿਤ ਸੰਗਠਨ ਬਸਪਾ 'ਚ ਆਪਣੀ ਖੁਸ਼ੀ ਨਾਲ ਸ਼ਾਮਲ ਹੋ ਰਹੀ ਹਨ ਤੇ ਜਿਹੜੇ ਸੰਗਠਨ ਦੇ ਆਗੂ ਬਸਪਾ 'ਚ ਆ ਰਹੀ ਹਨ, ਉਹਨਾਂ ਨੂੰ ਬਸਪਾ ਪਾਰਟੀ ਪੂਰਾ-ਪੂਰਾ ਮਾਣ ਸਨਮਾਨ ਦੇਵੇਗੀ ਤੇ ਬਸਪਾ ਹਾਈਕਮਾਨ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਬਸਪਾ ਹੁਸ਼ਿਆਰਪੁਰ ਦੀ ਜ਼ਿਲ੍ਹਾ ਟੀਮ ਪ੍ਰਸ਼ੋਤਮ ਮਾਈਰ ਜ਼ਿਲ੍ਹਾ ਪ੍ਰਧਾਨ, ਠੇਕੇਦਾਰ ਭਗਵਾਨ ਦਾਸ ਸਿੱਧੂ ਲੋਕ ਸਭਾ ਇੰਚਾਰਜ, ਮਦਨ ਸਿੰਘ ਬੈਂਸ ਜ਼ਿਲ੍ਹਾ ਇੰਚਾਰਜ, ਬੀਬੀ ਮਹਿੰਦਰ ਕੌਰ ਹਲਕਾ ਵਿਧਾਨ ਸਭਾ ਪ੍ਰਧਾਨ ਹੁਸ਼ਿਆਰਪੁਰ, ਹਰਦਿਆਲ ਸਿੰਘ ਐਡਵੋਕੇਟ ਬਸਪਾ ਹੁਸ਼ਿਆਰਪੁਰ, ਆਗੂਆਂ ਵੱਲੋਂ ਬਸਪਾ ਦੇ ਪੰਜਾਬ ਪ੍ਰਧਾਨ ਰਛਪਾਲ ਸਿੰਘ ਰਾਜੂ ਦੇ ਹੁਕਮਾਂ ਦੀ ਪਾਲਦਾ ਕਰਦੇ ਹੋਏ ਅਮਰਜੀਤ ਕੁਮਾਰ ਭੱਟੀ ਨੂੰ ਬੀ. ਵੀ. ਐਫ. ਕਨਵੀਨਰ ਸਿਟੀ ਹੁਸ਼ਿਆਰਪੁਰ ਬਣਾਇਆ ਗਿਆ ਹੈ। ਇਸ ਮੌਕੇ ਅਮਰਜੀਤ ਕੁਮਾਰ ਭੱਟੀ ਨੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਤਪਾਲ ਸਿੰਘ ਰਾਜੂ ਦਾ ਧੰਨਵਾਦ ਕੀਤਾ। ਇਸ ਮੌਕੇ ਜਸਕਰਨ ਜੱਸਾ, ਪਵਨਦੀਪ, ਕਿਰਨਦੀਪ, ਹਰਭਜਨ ਸਿੰਘ ਛਾਉਣੀ ਕਲ ਆਦਿ ਆਗੂ ਹਾਜ਼ਰ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com

# ਭਾਰਤ ਤੋਂ ਆਈ ਭੰਗੜਾ ਟੀਮ ਨੇ ਨਿਊਜ਼ੀਲੈਂਡ 'ਚ 'ਵੇਖ ਧਮਾਲਾ ਪੈਂਦੀਆਂ' ਭੰਗੜਾ ਮੁਕਾਬਲਾ ਜਿੱਤਿਆ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਪਾਲ ਪ੍ਰੋਡਕਸ਼ਨ ਨਿਊਜ਼ੀਲੈਂਡ ਵੱਲੋਂ ਅੱਜ ਵੋਡਾਫੋਨ ਈਵੈਂਟ ਸੈਂਟਰ ਮੈਨੁਕਾਓ ਵਿਖੇ 'ਵੇਖ ਧਮਾਲਾਂ ਪੈਂਦੀਆਂ' ਸਿਰਲੇਖ ਹੇਠ ਅੰਤਰ-ਰਾਸ਼ਟਰੀ ਭੰਗੜਾ ਮੁਕਾਬਲਾ ਕਰਵਾਇਆ ਗਿਆ। ਭੰਗੜੇ ਤੋਂ ਇਲਾਵਾ ਪੰਜਾਬ ਤੋਂ ਕੁਝ ਪ੍ਰਸਿੱਧ ਕਾਮੇਡੀਅਨ, ਐਂਕਰ ਅਤੇ ਗਾਇਕ ਕਲਾਕਾਰ ਵੀ ਪੁਜੇ ਸਨ। ਸ਼ਾਮ 8 ਵਜੇ ਸ਼ੁਰੂ ਹੋਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਸਥਾਨਿਕ ਬੱਚਿਆਂ ਨੇ ਭੰਗੜਾ ਪਾ ਕੇ ਕੀਤੀ। ਇਸ ਤੋਂ ਬਾਅਦ ਪੰਜਾਬ ਤੋਂ ਆਏ ਐਂਕਰ ਅਤੇ ਕਾਮੇਡੀਅਨ ਵਿਕਾਸ ਮੋਂਗੀਆ ਅਤੇ ਰਾਜਨ ਨੇ ਮਾਈਕ ਸੰਭਾਲਿਆ। ਉਨ੍ਹਾਂ ਜਿੱਥੇ ਹਲਕੇ-ਹਲਕੇ ਟੋਟਕੇ ਛੱਡੇ ਉਥੇ ਵਾਰੋ-ਵਾਰੀ ਗਾਇਕ ਮਹਿਮਾਨ ਕਲਾਕਾਰਾਂ ਹਿੰਮਤ ਸੰਧੂ, ਸਤਿੰਦਰ ਲਿਟਲ, ਸਿਮਰ ਗਿੱਲ ਅਤੇ ਸਾਜਿਨ ਅਦੀਬ ਅਤੇ ਭੰਗੜਾ ਟੀਮਾਂ ਨੂੰ ਸਟੇਜ ਉਤੇ ਆ ਕੇ ਪਰਫਾਰਮ ਕਰਨ ਦਾ ਸੱਦਾ ਦਿੱਤਾ। ਸਾਰੇ ਗਾਇਕ ਕਲਾਕਾਰਾਂ ਨੇ ਬਹੁਤ ਹੀ ਭਾਵੇਂ ਸਾਜਿੰਦਿਆ ਨਾਲ ਨਹੀਂ ਗਾਇਆ ਪਰ ਸਟੇਜ ਉਤੇ ਡੀ.ਜੇ. ਦੇ ਨਾਲ ਬਹੁਤ ਹੀ ਸੁੰਦਰ ਪੇਸ਼ਕਾਰੀ ਕੀਤੀ। ਪ੍ਰਬੰਧਕ ਹਰਪਾਲ ਸਿੰਘ ਲੋਹੀ, ਹਰਮੀਕ ਸਿੰਘ ਅਤੇ ਰੇਡੀਓ ਸਾਡੇ ਆਲਾ ਟੀਮ ਸਾਰੇ ਸਮਾਗਮ ਦੀ ਦੇਖ-ਰੇਖ ਕਰ ਰਹੀ ਸੀ। ਗਾਇਕ ਹਰਮੀਕ ਨੇ ਸ਼ਾਇਰੋ-ਸ਼ਾਇਰੀ ਅਤੇ ਪੰਜਾਬ ਤੋਂ ਆਏ ਐਂਕਰਾਂ ਦਾ ਵੀ ਸਾਥ ਦਿੱਤਾ। ਜੱਜ ਸਾਹਿਬਾਨ ਦੀ ਭੂਮਿਕਾ ਵਿਚ ਸ. ਪਰਮਜੀਤ ਸਿੰਘ ਜਲੰਧਰ, ਸ. ਬਲਦੇਵ ਸਿੰਘ ਲੈਰਾ ਚੰਡੀਗੜ੍ਹ ਅਤੇ ਸ. ਖੜਕ ਸਿੰਘ ਸ਼ਾਮਿਲ ਸਨ। ਭੰਗੜੇ ਦੇ ਮੁਕਾਬਲੇ ਵਿਚ ਜਿੱਥੇ ਮੁੰਡਿਆਂ ਦੀਆਂ ਟੀਮਾਂ ਸਨ ਉਥੇ ਇਕ ਕੁੜੀਆਂ ਦੀ ਟੀਮ ਨੇ ਵੀ ਪੂਰੀ ਟੱਕਰ ਦਿੱਤੀ। ਭੰਗੜੇ ਦੀ ਪਹਿਲੀ ਟੀਮ 'ਪੰਜਾਬੀ ਫੋਕ ਡਾਂਸ ਅਕੈਡਮੀ', ਦੂਜੀ ਸਾਂਝ ਗਰੁੱਪ (ਕੁੜੀਆਂ), ਤੀਜੀ ਰਿਵਰਸਿਟੀ ਬੁਆਇਜ਼ ਹਮਿਲਟਨ, ਚੌਥੀ ਜੂਨੀਆਰ ਨੱਚਦਾ ਪੰਜਾਬ ਅਤੇ ਪੰਜਵੀਂ ਕੁਆਲਿਟੀ ਭੰਗੜਾ ਗਰੁੱਪ ਸ਼ਾਮਿਲ ਸਨ। ਸਾਰੀਆਂ ਟੀਮਾਂ ਨੇ ਇਕ ਤੋਂ ਵੱਧ ਧਮਾਲ ਪਾਈ ਪਰ ਆਖਿਰ ਜੱਜਾਂ ਦੀ ਪਾਰਖੂ ਨਜ਼ਰ ਨੇ ਬਿਹਤਰੀਨ ਟੀਮਾਂ ਨੂੰ ਤਰਤੀਬਵਾਰ ਵੀ ਕੀਤਾ। ਜਿਨ੍ਹਾਂ ਅਨੁਸਾਰ ਪਹਿਲੇ ਨੰਬਰ ਉਤੇ ਪੰਜਾਬ ਦੀ ਸਰਦਾਰੀ ਰਹੀ ਅਤੇ 'ਕੁਆਲਿਟੀ ਭੰਗੜਾ ਗਰੁੱਪ ਨਕੋਦਰ' ਪਹਿਲੇ ਨੰਬਰ ਉਤੇ ਰਿਹਾ। ਦੂਜੇ ਨੰਬਰ ਉਤੇ ਸਾਂਝ ਗਰੁੱਪ ਦੀਆਂ ਕੁੜੀਆਂ ਰਹੀਆਂ ਅਤੇ ਤੀਜੇ ਨੰਬਰ ਉਤੇ ਪੰਜਾਬੀ ਫੋਕ ਡਾਂਸ ਗਰੁੱਪ ਰਿਹਾ। ਭੰਗੜੇ ਦੀ ਜੇਤੂ ਟੀਮ ਲਈ 2100 ਡਾਲਰ ਅਤੇ ਉਪਜੇਤੂ ਨੂੰ 1500 ਡਾਲਰ ਦਾ ਇਨਾਮ ਰੱਖਿਆ ਗਿਆ ਸੀ।



# ਅੰਤਰਰਾਸ਼ਟਰੀ ਫੁੱਟਬਾਲ ਟੀਮ 'ਚ ਦੋ ਪੰਜਾਬੀ ਭਰਾ ਸ਼ਾਮਿਲ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਇਸੇ ਸਾਲ ਦਸੰਬਰ ਮਹੀਨੇ ਫੀਜ਼ੀ ਵਿਖੇ ਹੋਣ ਵਾਲੇ ਫੁੱਟਬਾਲ ਕੱਪ ਦੇ ਲਈ ਨਿਊਜ਼ੀਲੈਂਡ ਤੋਂ ਇਕੋ-ਇਕ ਟੀਮ 'ਮੈਨੁਕਾਓ ਸਿਟੀ ਕਲੱਬ' ਦੀ ਜਾ ਰਹੀ ਹੈ। ਅੰਡਰ-16 ਅੰਤਰ-ਰਾਸ਼ਟਰੀ ਮੈਚ ਖੇਡਣ ਵਾਸਤੇ 8 ਵੱਖ-ਵੱਖ ਫੁੱਟਬਾਲ ਕਲੱਬਾਂ ਦੇ ਸਿਰਕੱਢ ਖਿਡਾਰੀਆਂ ਦੀ ਚੋਣ ਕੀਤੀ ਗਈ ਹੈ, ਜਿਸ ਦੇ ਵਿਚ ਦੋ ਪੰਜਾਬੀ ਭਰਾਵਾਂ ਅਰਸ਼ਦੀਪ ਪਰਮਾਰ ਅਤੇ ਹਰਸ਼ਿੱਲ ਪਰਮਾਰ ਨੇ ਆਪਣੀ ਪੱਕੀ ਥਾਂ ਬਣਾਉਂਦਿਆਂ ਪੰਜਾਬੀ ਨੌਜਵਾਨਾਂ ਲਈ ਉਦਾਹਰਣ ਪੇਸ਼ ਕੀਤੀ ਹੈ। ਇਹ ਦੋਵੇਂ ਭਰਾ ਦਸੰਬਰ ਮਹੀਨੇ ਫੀਜ਼ੀ ਖੇਡਣ ਜਾਣਗੇ। ਪਿਤਾ ਸ. ਬਲਜੀਤ ਸਿੰਘ ਪਰਮਾਰ ਅਤੇ ਮਾਤਾ ਮਮਤਾ ਪਰਮਾਰ ਦੇ ਦੋਵੇਂ ਬੇਟੇ ਫੁੱਟਬਾਲ ਦੇ ਵਿਚ ਹੁਣ ਤੱਕ ਕਾਫੀ ਪ੍ਰਾਪਤੀਆਂ ਕਰ ਚੁੱਕੇ ਹਨ। ਅਰਸ਼ਦੀਪ ਓਰਮਿਸਟਨ ਸੀਨੀਅਰ ਕਾਲਜ 'ਚ 11 ਵੇਂ ਸਾਲ ਦਾ ਵਿਦਿਆਰਥੀ ਹੈ ਜਦ ਕਿ ਹਰਸ਼ਿੱਲ ਮਿਸ਼ਨ ਹਾਈਟ ਸਕੂਲ ਵਿਖੇ 10ਵੇਂ ਸਾਲ ਦਾ ਵਿਦਿਆਰਥੀ ਹੈ। ਅਰਸ਼ਦੀਪ ਪਰਮਾਰ ਫੈਂਸੀਬਲ ਯੁਨਾਈਟਡ ਹਾਵਕ ਲਈ 8 ਸਾਲਾਂ ਤੋਂ ਖੇਡ ਰਿਹਾ ਹੈ ਅਤੇ ਬਹੁਤ ਵਾਰ 'ਪਲੇਅਰ ਆਫ ਦਾ ਯੀਅਰ' ਟ੍ਰਾਫੀ ਜਿੱਤ ਚੁੱਕਾ ਹੈ। ਇਸੀ ਤਰ੍ਹਾਂ ਹਰਸ਼ਿਲ ਪਰਮਾਰ ਵੀ ਇਸੇ ਕੱਲਬ ਲਈ 7 ਸਾਲ ਤੋਂ ਖੇਡ ਰਿਹਾ ਹੈ ਅਤੇ ਉਸਨੇ ਵੀ ਕਈ ਵਾਰ 'ਪਲੇਅਰ ਆਫ ਦਾ ਯੀਅਰ' ਟ੍ਰਾਫੀ ਜਿੱਤੀ ਹੈ। ਇਸ ਸਾਲ ਦੋਵਾਂ ਨੇ ਮੈਨੁਕਾਓ ਸਿਟੀ ਕਲੱਬ (16 ਮੈਟਰੋ) ਲਈ ਖੇਡਿਆ ਅਤੇ ਅਰਸ਼ਦੀਪ ਨੇ ਫਿਰ 'ਪਲੇਅਰ ਆਫ ਦਾ ਯੀਅਰ' ਟ੍ਰਾਫੀ ਜਿੱਤੀ। ਇਨ੍ਹਾਂ ਪ੍ਰਾਪਤੀਆਂ ਅਤੇ ਹੁਨਰ ਕਰਕੇ ਹਰਸ਼ਿੱਲ ਆਪਣੇ ਤੋਂ ਦੋ ਉਪਰਲੇ ਗ੍ਰੇਡ ਦੇ ਵਿਚ ਖੇਡ ਰਿਹਾ ਹੈ। ਦੋਹਾਂ ਮੁੰਡਿਆਂ ਨੇ ਆਖਿਆ ਕਿ ਫੁੱਟਬਾਲ ਉਨ੍ਹਾਂ ਦੇ ਖੂਨ ਵਿਚ ਵਸ ਗਿਆ ਹੈ ਅਤੇ ਉਹ ਇਸ ਖੇਡ ਨੂੰ ਪੂਰੀ ਤਨਦੇਹੀ ਨਾਲ ਖੇਡਣਗੇ ਅਤੇ ਭਾਈਚਾਰੇ ਦਾ ਨਾਂਅ ਚਮਕਾਉਣਗੇ। ਮਾਪਿਆਂ ਵੱਲੋਂ ਵੀ ਇਹ ਖੁਸ਼ੀ ਭਾਈਚਾਰੇ ਨਾਲ ਸਾਂਝੀ ਕੀਤੀ ਗਈ ਹੈ। ਸ਼ਾਲਾ! ਇਹ ਪੰਜਾਬੀ ਮੁੰਡੇ ਭਾਈਚਾਰੇ ਦਾ ਨਾਂਅ ਚਮਕਾਉਣ।



# 20 ਸਾਲਾ ਕੀਵੀ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ ਬਣੀ ਜ਼ੇਲ੍ਹ ਅਫਸਰ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਜਨਮੀ ਪੰਜਾਬੀ ਪੀੜ੍ਹੀ ਆਪਣੀ ਸਫਲਤਾ ਦੀ ਪੌੜੀ ਉਸੇ ਗਤੀ ਦੇ ਨਾਲ ਚੜ੍ਹਦੀ ਨਜ਼ਰ ਆਉਂਦੀ ਹੈ ਜਿਸ ਰਫਤਾਰ ਦੇ ਨਾਲ ਇਥੇ ਦੇ ਮੂਲ ਲੋਕ ਆਪਣੀਆਂ ਪ੍ਰਾਪਤੀਆਂ ਤੱਕ ਪਹੁੰਚਦੇ ਹਨ। ਹੁਣ ਇਥੇ ਜਨਮੀ ਇਕ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ ਨੇ 20 ਸਾਲ ਦੀ ਉਮਰ ਵਿਚ ਹੀ ਆਪਣੀ ਪੜ੍ਹ-ਾਈ ਦੇ ਨਾਲ-ਨਾਲ 'ਕੋਰੈਕਸ਼ਨ ਅਫਸਰ' ਦੀ ਨੌਕਰੀ ਪ੍ਰਾਪਤ ਕਰਕੇ ਆਪਣੇ ਬੁਲੰਦ ਹੌਂਸਲੇ ਅਤੇ ਚੁਣੌਤੀ ਭਰੇ ਰੋਲ ਨੂੰ ਸਵੀਕਾਰ ਕੀਤਾ ਹੈ।



ਸ. ਰਣਜੀਤ ਸਿੰਘ ਬਸਰਾ ਅਤੇ ਸ੍ਰੀਮਤੀ ਮਨਜੀਤ ਕੌਰ ਬਸਰਾ ਦੀ ਇਹ ਛੋਟੀ ਧੀ ਇਸ ਵੇਲੇ ਏ.ਯੂ.ਟੀ. ਤੋਂ ਕ੍ਰੀਮਲੋਜੀ ਦੀ ਪੜ੍ਹਾਈ ਜਾਰੀ ਰੱਖ ਰਹੀ ਹੈ। ਗਿੱਧੇ ਅਤੇ ਭੰਗੜੇ ਦੇ ਵਿਚ ਵੀ ਇਹ ਕੁੜੀ ਪੂਰਾ ਭਾਗ ਲੈਂਦੀ ਹੈ ਅਤੇ ਸਾਂਝ ਗਰੁੱਪ ਦੇ ਨਾਲ ਜੁੜੀ ਹੋਈ ਹੈ। ਚੰਗੀ ਤਰ੍ਹਾਂ ਪੰਜਾਬੀ ਬੋਲਣ ਵਾਲੀ ਇਹ ਕੁੜੀ ਆਪਣੇ ਪਿੰਡ ਕਠਾਰ (ਜਲੰਧਰ) ਵੀ ਅਕਸਰ ਜਾਂਦੀ ਰਹਿੰਦੀ ਹੈ। ਇਸ ਕੁੜੀ ਦੇ ਪਿਤਾ ਜੀ ਇਥੇ ਲਗਪਗ 45 ਸਾਲ ਤੋਂ ਰਹਿ ਰਹੇ ਹਨ ਅਤੇ ਇਥੇ ਬਿਜ਼ਨਸ ਕਰਦੇ ਹਨ।

# ਆਰਕੀਟੈਕਚਰ ਪੜ੍ਹਾਈ ਵਿਚ ਜਗਦੀਪ ਸਿੰਘ ਬਾਜਵਾ ਨੇ 96% ਅੰਕ (ਗ੍ਰੇਡ ਏ ਪਲੱਸ) ਹਾਸਿਲ ਕੀਤੇ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਭਵਨ ਨਿਰਮਾਣ ਕਲਾ ਜਾਂ ਕਹਿ ਲਈਏ ਆਰਕੀਟੈਕਚਰ ਦੀ ਪੜ੍ਹਾਈ ਅਜਿਹੀ ਹੈ ਜਿਸਦੀ ਸ਼ਾਪ ਸਦੀਆਂ ਤੱਕ ਬਰਕਰਾਰ ਰਹਿੰਦੀ ਹੈ। ਉਚ ਸਿਖਿਆ ਦੇ ਦਾਇਰੇ ਵਿਚ ਆਉਂਦੀ ਇਹ ਪੜ੍ਹਾਈ ਜਦ ਗੁਰਸਿੱਖ ਪੰਜਾਬੀ ਮੁੰਡੇ ਵਿਦੇਸ਼ਾਂ ਦੇ ਵਿਚ ਹਾਸਿਲ ਕਰਦੇ ਹਨ ਤਾਂ ਸੱਚਮੁੱਚ ਉਥੇ ਵਸਦਾ ਸਮੁੱਚਾ ਭਾਰਤੀ ਭਾਈਚਾਰਾ ਬਾਗੋ-ਬਾਗ ਹੋਇਆ ਮਹਿਸੂਸ ਕਰਦਾ ਹੈ। ਨਿਊਜ਼ੀਲੈਂਡ ਦੇ ਵਿਚ ਬੀਤੇ ਦਿਨੀਂ ਗੁਰਸਿੱਖ ਨੌਜਵਾਨ ਜਗਦੀਪ ਸਿੰਘ ਬਾਜਵਾ ਨੇ ਆਪਣੀ ਆਰਕੀਟੇਕਚਰ ਪ੍ਰੋਫੈਸ਼ਨਲ ਦੀ ਮਾਸਟਰ ਡਿਗਰੀ ਪਹਿਲੇ ਦਰਜੇ ਵਿਚ ਹਾਸਿਲ ਕਰਕੇ ਗੈਜੂਏਸ਼ਨ ਸਮਾਗਮ ਦੇ ਵਿਚ ਤਾੜੀਆਂ ਬਟੋਰੀਆਂ। ਪਹਿਲਾ ਦਰਜਾ ਉਦੋਂ ਹੀ ਦਿੱਤਾ ਜਾਂਦਾ ਹੈ ਜਦੋਂ ਹਰ ਇਕ ਪੇਪਰ ਦੇ ਵਿਚੋਂ 82% ਤੋਂ ਜਿਆਦਾ ਅੰਕ (ਗ੍ਰੇਡ 7 ਤੋਂ ਉਪਰ) ਹਾਸਿਲ ਕੀਤੇ ਹੋਣ। ਮਾਤਾ ਹਰਦੀਪ ਕੌਰ ਅਤੇ ਪਿਤਾ ਸਵ. ਲਹਿਬੰਹਰ ਸਿੰਘ (ਜੱਦੀ ਪਿੰਡ ਬਾਜਵਾਂ ਕਲਾਂ ਨੇੜੇ ਸ਼ਾਹਕੋਟ) ਦਾ ਇਹ ਪੁੱਤਰ ਜਿੱਥੇ ਪਹਿਲਾਂ ਵੀ ਪੜ੍ਹਾਈ ਦੌਰਾਨ ਇਕ ਅੰਤਰਰਾਸ਼ਟਰੀ ਮੁਕਾਬਲਾ ਜਿੱਤ ਚੁਕਿਆ ਹੈ









# Thinking of Buying or Selling Houses or Businesses within Sacramento to Bay Area?

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3 bdrms, 2.0 Full Baths
1, 145 sq. ft.
Listing Price: $ 259,000




4 bdrms, 2.0 full bath
1,596 sq ft
Lot size: 6,098
Listing Price: $289,900




5 Beds, 3 Baths
4088 Sf
Listing Price: $649,000




4 Beds, 2.5 Baths,
1811 Sf
Listing Price: $ 409,900




4 Beds, 3 Baths,
Sf 3412, 1.82 Acres
Listing Price: $ 899,000




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 bdrms, 1.0 full bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 149,000




BERKSHIRE HATHAWAY
Home Services

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828




# ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆਂ

6221- 16th Street , Rio Linda ( Sacramento) CA 95823 Ph-916-992-1710

**ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਗੁਰਦੁਆਰਾ ਦੀ ਸਥਾਪਨਾ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ**

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 26 ਵਾਂ ਸਥਾਪਨਾ ਦਿਵਸ 7 ਅਕਤੂਬਰ 2018 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਪਰਿਵਾਰ ਸਮੇਤ ਹੁੰਮ-ਹੁੰਮਾ ਕੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ 5 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9 ਵਜੇ।
ਭੋਗ ਸ੍ਰੀ ਅਖੰਡ ਪਾਠ ਸਾਹਿਬ 7 ਅਕਤੂਬਰ ਦਿਨ ਐਤਵਾਰ।
ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ 6 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ 4 ਵਜੇ।

ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਸੁੱਖ ਰਾਮ ਚੰਦੜ ਅਤੇ ਸਮੂਹ ਚੰਦੜ ਪਰਿਵਾਰ ਵੱਲੋਂ ਕੀਤੀ ਜਾਵੇਗੀ।
ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਬੰਗਾ ਪਰਿਵਾਰ ਅਤੇ ਸ੍ਰੀ ਅਵਤਾਰ ਸਿੰਘ ਜੱਸਲ ਪਰਿਵਾਰ ਸਮੇਤ ਸਮੂਹ ਸੰਗਤ ਵੱਲੋਂ ਕੀਤੀ

## ਵਧੇਰੇ ਸੂਚਨਾ

ਸਾਲਾਨਾ ਨਗਰ ਕੀਰਤਨ ਦੇ ਸਬੰਧ ਵਿਚ ਲੜੀਵਾਰ ਪ੍ਰੋਗਰਾਮਾਂ ਦੀ ਬੁਕਿੰਗ ਖੁੱਲ੍ਹੀ ਹੈ ਜੀਓ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਦੀਪਕ ਸਰੋਆ (408) 650-2699

**We are also encouraging our sangat to donate online for our new building @ https://www.facebook.com/shrigururavidasstemplesacramento/**

ਹੋਰ ਜਾਣਕਾਰੀ ਲਈ ਸੰਪਰਕ ਕਰੋ- ਰਾਜ ਬੱਧਣ (916-601-3842),
ਤੇਜਾ ਵਿਰਕ (916-912-5678), ਇੰਦਰਜੀਤ ਪਡਵੱਗਾ (916-276-2538)

# Guru Nanak Sikh Temple & The Sports Club of Solano County
# With the cooperation of the Sadh Sangat


Guru Nanak Sikh Temple


The Sports Club of Solano County

## Welcome you to the 18th ANNUAL SPORTS PICNIC Sunday, September 30, 2018

***Schedule of Events:***

**10:00am - 12:00pm Soccer Match played by our local players**
**1:00pm - 4:30pm Races if the picnic & Jumpy Houses for Kids**
**4:30pm - 5:30pm Wrestling Show Match**

## Schedule of Picnic Races:

### Older of Events For Boys and Men

1. Race for boys under the age of 3yrs. old
3. Race for boys between the ages of 4-5 yrs.
5. Race for boys between the ages of 6-7 yrs.
7. Race for boys between the ages of 8-10yrs.
9. Race for boys between the ages of 11-13 yrs.
11. Race for boys between the ages of 14-16 yrs.
13. Race for boys between the ages of 17-20 yrs.
15. 100 yard race for men over 21 years old
17. Race for men between the ages of 35-45 yrs.
19. Race for men between the ages for 46-55 yrs
21. Race for men between the ages of 56-60 yrs
23. Race for men between the ages of 61-65 yrs
25. 400 meter race for men
27. Sac races for boys under 18 years
29. Sac races for boys over 18 years
31. Banana race for men under 18 years
33. Banana race for men over 18 years
35. I legged race for boys under 12 years
37. I legged race for boys over 12 years
39. Shot put for men under 30
41. Shot put for men over 30
43. Tug for War for boys under 18 year of age
45. Tug of War for men between 18-30 yrs.
47. Tug for War for men over 30 years of age

**JUMPY HOUSE**
There will be a Jumpy Houses in the field during the picnic to keep our youngsters active.

**LANGAR SEWA**
will be provided by Sham Sunder Vohra & Arvind Nischal & Families

**WRESTLING SHOW MATCH**
There will be a Wrestling Show Match in the field after the picnic

### Order of Events For Girls and Women

2. Race for girls under the age of 3 yrs. old
4. Race for girls between the ages of 4-5 yrs
6. Race for girls between the ages of 6-7 yrs
8. Race for girls between the ages of 8-10 yrs
10. Race for girls between the ages of 11-13 yrs
12. Race for girls between the ages of 14-16 yrs
14. Race for girls between the ages of 17-20 yrs
16. 100 yard race for women over 21 yrs. old
18. Race for women between the ages of 35-45
20 Race for women between the ages 46-55 yrs.
22. Race for women over the age of 55 years
24. 400 meter race for women
26. Sac race for girls under 18 years
28. Sac race for women over 18 years
30. Banana race for women over 18 years
32. Banana race for women over 18 years
34. I legged race for girls under 12 years
36. I legged race for girls over 12 years
38. Chatti Race for girls under 18 years
40. Chatti Race for women over 18 years
42. Shot Put for women under 30 years
44. Shot Put for women over 40 years
46. Tug for War for girls under 18 years for age
48. Tug for War for women between 18-30 years
49. Tug for War for women over 30 years of age
50. Musical Chairs for the ladies

## For Information :
## Call Bhinder Sandhu 707-334-7820

Alcoholic beverages are strictly prohibited

SPORTS CLUB OF SOLANO COUNTY 2018

# 14ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਲਈ ਸਮੂਹ ਪੰਜਾਬੀਆਂ ਦਾ ਧੰਨਵਾਦ- ਗਾਖਲ

## ਸੁਰਜਨ ਸਿੰਘ ਚੱਠਾ ਹੋਣਗੇ 15ਵੇਂ ਵਿਸ਼ਵ ਕਬੱਡੀ ਦੇ ਮੁੱਖ ਮਹਿਮਾਨ

**ਵਾਟਸਨਵਿੱਲ (ਬਿਓਰੋ) –** ਮਿਤੀ 16 ਸਤੰਬਰ ਨੂੰ ਸਫਲਤਾ ਨਾਲ ਸੰਪੰਨ ਹੋਏ 14ਵੇਂ ਵਿਸ਼ਵ ਕਬੱਡੀ ਕੱਪ ਦੇ ਮੁੱਖ ਆਯੋਜਕ ਅਤੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਇਸ ਵਾਰ ਵੀ ਬਿਹਤਰੀਨ ਕਬੱਡੀ ਦਾ ਪ੍ਰਦਰਸ਼ਨ ਕਰਨ ਵਿਚ ਸਫਲ ਰਿਹਾ ਹੈ ਤੇ ਸਾਰਾ ਦਿਨ ਹੋਏ ਦਿਲਚਸਪ ਮੁਕਾਬਲਿਆਂ ਨੇ ਪੰਜਾਬੀਆਂ ਅੰਦਰ ਆਪਣੀ ਮਾਂ ਖੇਡ ਕਬੱਡੀ ਪ੍ਰਤੀ ਹੇਜ ਹੋਰ ਵੀ ਗੂੜ੍ਹਾ ਕਰ ਦਿੱਤਾ ਹੈ। ਇਸ ਸਫਲਤਾ ਦਾ ਸਿਹਰਾ ਆਪਣੇ ਸਪਾਂਸਰਾਂ, ਵੱਖ ਵੱਖ ਸਹਿਯੋਗੀ ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਕਬੱਡੀ ਕੱਪ ਵੇਖਣ ਆਏ ਹਜ਼ਾਰਾਂ ਦਰਸ਼ਕਾਂ ਦੇ ਸਿਰ ਬੰਨ੍ਹਦਿਆਂ ਸ. ਗਾਖਲ ਨੇ ਕਿਹਾ ਕਿ ਉਹਨਾਂ ਦੀ ਜ਼ਿੰਮੇਵਾਰੀ ਵਿਚ ਹੋਰ ਵੀ ਵਾਧਾ ਹੋ ਗਿਆ ਹੈ ਤੇ ਉਹ ਵਾਅਦਾ ਕਰਦੇ ਹਨ ਕਿ ਅਗਲੇ ਸਾਲਾਂ ਵਿਚ ਹਰ ਟੀਮ ਲਈ ਸਟਾਰ ਖਿਡਾਰੀਆਂ ਦਾ ਸੰਤੁਲਨ ਰੱਖਦਿਆਂ ਇਸ ਤੋਂ ਵਧੀਆ ਕਬੱਡੀ ਦੇ ਪ੍ਰਦਰਸ਼ਨ ਲਈ ਵਚਨਬੱਧ ਹੋਣਗੇ। ਇਸ ਕਬੱਡੀ ਕੱਪ ਵਿਚ ਆਪਣੀ ਕਿਸਮ ਦੀ ਲੰਗਰ ਚਲਾਉਣ ਦੀ ਨਵੀਂ ਪਰੰਪਰਾ ਲਈ ਉਨ੍ਹਾਂ ਗੁਰਦੁਆਰਾ ਸਾਹਿਬ ਫਰੀਮਾਂਟ, ਸੈਨਹੋਜ਼ੇ, ਮਿਲਪੀਟਸ ਅਤੇ ਸਟਾਕਟਨ ਦੀਆਂ ਪ੍ਰਬੰਧਕ ਕਮੇਟੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਆਪਣੇ ਆਪ 'ਚ ਖੇਡਾਂ ਅਤੇ ਪੰਜਾਬੀਆਂ ਨੂੰ ਹੋਰ ਨੇੜੇ ਲੈ ਕੇ ਆਉਣ ਦਾ ਵਧੀਆ ਉਪਰਾਲਾ ਹੈ। ਦਰਸ਼ਕਾਂ ਨੂੰ ਹਰ ਸਹੂਲਤ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ। ਮੁਫਤ ਪਾਰਕਿੰਗ, ਮੁਫਤ ਦਾਖਲਾ ਅਤੇ ਪ੍ਰਾਹੁਣਾਚਾਰੀ ਵਾਂਗ ਰਾਜਾ ਸਵੀਟਸ ਵਲੋਂ ਕੀਤੀ ਚਾਹ ਪਕੌੜਿਆਂ ਦੀ ਸੇਵਾ ਵੀ ਆਪਣੇ ਆਪ 'ਚ ਵਿਲੱਖਣ ਸੀ।


ਸੁਰਜਨ ਸਿੰਘ ਚੱਠਾ


ਅਮੋਲਕ ਸਿੰਘ ਗਾਖਲ

ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਸ ਵੱਖਰੇ ਬਿਆਨ ਵਿਚ ਕਿਹਾ ਕਿ ਏਡੀ ਵੱਡੀ ਗਿਣਤੀ ਵਿਚ ਆਉਣ ਵਾਲੇ ਕਬੱਡੀ ਦਰਸ਼ਕਾਂ ਨੇ ਯੂਨਾਈਟਡ ਸਪੋਰਟਸ ਕਲੱਬ ਨੂੰ ਪੂਰਾ ਸਹਿਯੋਗ ਹੀ ਨਹੀਂ ਦਿੱਤਾ ਸਗੋਂ ਕਬੱਡੀ ਦਾ ਇਕ ਵੱਖਰਾ ਇਤਿਹਾਸ ਬਣਾਉਣ ਦਾ ਇਕ ਮੰਚ ਵੀ ਸਿਰਜ ਕੇ ਦਿਖਾਇਆ।

ਸ. ਗਾਖਲ ਨੇ ਕਿਹਾ ਕਿ ਅਗਲੇ ਵਰ੍ਹੇ ਕਬੱਡੀ ਨੂੰ ਬਿਹਤਰੀਨ ਸੇਵਾਵਾਂ ਦੇਣ ਵਾਲੇ ਸੁਰਜਨ ਸਿੰਘ ਚੱਠਾ, 15ਵੇਂ ਵਿਸ਼ਵ ਕਬੱਡੀ ਕੱਪ ਦੇ ਮੁੱਖ ਮਹਿਮਾਨ ਹੋਣਗੇ, ਪਹਿਲਾ ਵੱਡਾ ਇਨਾਮ ਹਮੇਸ਼ਾ ਵਾਂਗ ਡਾਇਮੰਡ ਟਰਾਂਸਪੋਰਟਸ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ ਵਲੋਂ ਦਿੱਤਾ ਜਾਵੇਗਾ ਜਦੋਂਕਿ ਨਵੀਂ ਪਿਰਤ ਪਾਉਂਦਿਆਂ ਦੂਜਾ ਵੱਡਾ ਇਨਾਮ ਮਾਈਕ ਬੋਪਾਰਾਏ ਅਤੇ ਬੋਪਾਰਾਏ ਭਰਾਵਾਂ ਵਲੋਂ ਦਿੱਤਾ ਜਾਵੇਗਾ।

ਗਾਖਲ ਪਰਿਵਾਰ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ 'ਚ ਸਾਬਕ ਕਬੱਡੀ ਖਿਡਾਰੀਆਂ ਅਤੇ ਕਬੱਡੀ ਕੱਪ ਦੌਰਾਨ ਬਿਹਤਰੀਨ ਰੇਡਰ ਅਤੇ ਜਾਫੀ ਨੂੰ ਦਿੱਤੇ ਜਾਣ ਵਾਲੇ ਗੋਲਡ ਮੈਡਲ ਦੀ ਪਿਰਤ ਨੂੰ ਇਕ ਪ੍ਰੰਪਰਾ ਵਜੋਂ ਲਗਾਤਾਰ ਜਾਰੀ ਰੱਖਣਗੇ। ਉਨ੍ਹਾਂ ਮੀਡੀਆ ਵਲੋਂ ਨਿਭਾਏ ਸਾਰਥਕ ਰੋਲ ਦੀ ਵੀ ਪ੍ਰਸ਼ੰਸ਼ਾ ਕੀਤੀ ਅਤੇ ਟੂਰਨਾਮੈਂਟ ਦੌਰਾਨ ਕਮੀਆਂ ਪੇਸ਼ੀਆਂ ਨੂੰ ਆਪਣੀ ਝੋਲੀ ਪਾਉਂਦਿਆਂ ਸਫਲਤਾ ਦਾ ਸਿਹਰਾ ਸਮੂਹ ਪੰਜਾਬੀਆਂ ਦੇ ਸਿਰ ਬੰਨ੍ਹੇ ਜਾਣ ਦੀ ਗੱਲ ਕਰਦਿਆਂ ਕਬੱਡੀ ਨਾਲ ਹਮੇਸ਼ਾ ਆਪਣੀ ਲਗਨ ਨੂੰ ਕਾਇਮ ਰੱਖੇ ਜਾਣ ਦਾ ਸੰਕਲਪ ਦੁਹਰਾਇਆ। ਯਾਦ ਰਹੇ ਕਿ ਯੁਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ ਅਗਲੇ ਸਾਲ 15 ਸਤੰਬਰ 2019 ਨੂੰ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ 'ਚ ਹੀ ਅਯੋਜਿਤ ਕੀਤਾ ਜਾ ਰਿਹਾ ਹੈ।



Mrs. And Mr. Amardeep Chahal with their beloved son Pardeep Chahal who achieved success in the Degree of Bachelor of Science from San Jose State University California USA,


San José State University
The Trustees of the California State University
on recommendation of the faculty of the
College of Engineering
have conferred upon
Pardeep Chahal
the degree of
Bachelor of Science
Aerospace Engineering
with all the rights and privileges pertaining thereto,
given at San José this seventeenth day of August, two thousand eighteen


UNITED SPORTS CLUB CALIFORNIA, AMERICA 14TH WORLD KABADDI CUP 2018


Amolak Singh Gakhal
Chief Patron. United Sports Club

THANKS TO ALL

United Sports Club California, America & Amolak Singh Gakhlal Thanks to all Sponsors, Kabaddi Players, Spectators, Officials, Logan High School Management and Gurdwara Managements for Contribute to Big success of 14th World KabaddiCup 2018

ਯੂਨਾਈਟਡ ਸਪੋਰਟਸ ਕਲੱਬ ਅਤੇ ਅਮੋਲਕ ਸਿੰਘ ਗਾਖਲ ਵਲੋਂ
ਸਮੂਹ ਸਪਾਂਸਰਾਂ, ਕਬੱਡੀ ਖਿਡਾਰੀਆਂ, ਦਰਸ਼ਕਾਂ, ਆਫੀਸ਼ੀਅਲਸ,ਲੋਗਨ ਹਾਈ ਸਕੂਲ ਦੀ ਮੈਨੇਜਮੈਂਟ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ 14ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਵਿਚ ਯੋਗਦਾਨ ਪਾਉਣ ਲਈ ਬਹੁਤ ਬਹੁਤ ਬਹੁਤ ਧੰਨਵਾਦ


ਸਾਬਕਾ ਧਨੰਤਰ ਕਬੱਡੀ ਖਿਡਾਰੀ
ਸਰਵਣ ਸਿੰਘ ਬੱਲ


Makhan Singh Bains Chairman; Iqbal Singh Gakhal Vice Chairman; Jugraj Singh Sahota President; Palwinder Singh Gakhal Director; Narinder Singh Sahota Treasurer; S. Ashok Bhaura Gen. Sec & Media Incharge; Pinki Atwal Director; Sadhu Singh Khlaur Advisor; Balvir Singh Bhatia Ex. President; Gulwinder Singh Gakhal Director; Jagir Singh New York Director
Dalwinder Padda Director; Natha Singh Gakhal Advisor; Debi Sohal Sidhwan Dona Director; Inderjit Thind; Bakhtawar Singh Gakhal Director; Gurpreet Singh Gakhal Director; Giani Ravinder Singh Director; Baljinder Singh Gakhal Director; Harjinder Ledhar Director; Amandeep Singh

ਜਿਹੜੇ ਸਟਾਰ ਕਬੱਡੀ ਖਿਡਾਰੀ ਇਸ ਵਾਰ ਨਹੀਂ ਪਹੁੰਚ ਸਕੇ ਅਗਲੇ ਸਾਲ ਯਕੀਨੀ ਬਣਾਇਆ ਜਾਵੇਗਾ ਕਿ ਦੁਨੀਆਂ ਦੇ ਸਮੇਂ ਦੇ ਸਟਾਰ ਖਿਡਾਰੀ ਜ਼ਰੂਰ ਵਿਸ਼ਵ ਕੱਪ ਵਿਚ ਪਹੁੰਚਣ। ਟੀਮਾਂ ਵਿਚ ਸਟਾਰ ਖਿਡਾਰੀਆਂ ਦੀ ਬਰਾਬਰ ਵੰਡ ਕਰਨ ਲਈ ਵੀ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਜਾਵੇਗਾ। ਕਬੱਡੀ ਦਰਸ਼ਕਾਂ ਨੂੰ ਫਸਵੇਂ ਭੇੜ ਵਿਖਾਉਣ ਲਈ ਕਲੱਬ ਵਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

– ਅਮੋਲਕ ਸਿੰਘ ਗਾਖਲ

Next World Cup will be on Sunday, 15 September 2019

TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU. PARGAN SINGH. OCEAN TRANSPORT. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH

MIKE BOPARAI, TARLOCHAN S. LASHAR, KULWANT S. LASHAR, JASWINDER S. LASHAR, MANNY GREWAL, NAJAR SINGH SAHOTA, DEEPA CHAUHAN, TEHAL SINGH THANDI, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT SABHI.

KINGS SPORTS CLUB, CENTRAL VALLEY SPORTS CLUB, SAN JOSE MELA CLUB, GURU INC. SAN JOSE, RSI INSURANCE, NATOMOUS LIQUOR. GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL.JARNAIL S MANN.JASVIR S TAKHAR.SURINDER S DHANOA.SHANKAR SINGH,JASBIR S NAHAL,CAR WASH GILL ROY. JAGDEEP SINGH INSURANCE AGENCY, RANA KAHLON,BOMBY PIZZA CHICAGO PIZZA,SUCHA RAM BHARTA. SHASHI PAUL, KASHMIRI BHATIA. HARWINDER S DHALIWAL.MAJOR S GILL.JACK RAM, PAUL RAM,SEWA SINGH,JASSI SHERGILL,MALAGHAR S KHERA,BITTU RAI.BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA, H.S. BHAJAN, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.

Also Special Thanks: Raja Sweets, Gurdwara Fremont, San Jose, Stockton and Singh Sabha Milpitas for served tea Pakoura and Guru Ke Langar

Media In charge World Kabaddi Cup: S. Ashok Bhaura Phone: 510 415 3315, Email: ashokbhaura@gmail.com

# MAHA RISHI VALMIK SABHA USA

## YUBA CITY, CALIFORNIA




ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

ਪਾਵਨ ਵਾਲਮੀਕ ਤੀਰਥ ਅੰਮ੍ਰਿਤਸਰ

### ਗੁਰੂ ਪਿਆਰੀ ਸਾਧ ਸੰਗਤ ਜੀਓ!

ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਕਥਾਵਾਂ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਭਜਨ ਕਰ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪ੍ਰਗਟ ਦਿਵਸ ਨਾਲ ਸਬੰਧਤ ਹੇਠ ਲਿਖੇ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ, ਗੁਰੂ ਸਾਹਿਬਾਨ ਦੇ ਚਰਨਾਂ ’ਚੋਂ ਅਸ਼ੀਰਵਾਦ ਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੱਦਾ ਪੱਤਰ-** ਸਮੂਹ ਸੰਗਤਾਂ ਸਮੇਤ ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ ਆਦਿ ਸਭ ਨੂੰ ਪ੍ਰਗਟ ਦਿਵਸ ਵਿਚ ਸ਼ਾਮਲ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਤੇ ਪ੍ਰੋਗਰਾਮ ਦੀਆਂ ਰੌਣਕਾਂ ਨੂੰ ਚਾਰ ਚੰਨ ਲਗਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**ਦਾਨੀ ਪਰਿਵਾਰਾਂ ਨੂੰ ਸਨਿਮਰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਅਤੇ ਜਲਦੀ ਤੋਂ ਜਲਦੀ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋ ਜੀ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹੋ ਜੀ।**

## ਪ੍ਰੋਗਰਾਮ

ਸ਼ੁੱਕਰਵਾਰ 26 ਅਕਤੂਬਰ 2018
ਆਰੰਭ ਪਾਠ
ਸ੍ਰੀ ਯੋਗ ਵਸ਼ਿਸ਼ਟ ਸਾਹਿਬ
ਸਵੇਰੇ 10 ਵਜੇ

ਸ਼ਨਿਚਰਵਾਰ 27 ਅਕਤੂਬਰ 2018, ਨਿਸ਼ਾਨ ਸਾਹਿਬ ਦੀ ਰਸਮ, ਸਵੇਰੇ 10 ਵਜੇ

ਐਤਵਾਰ 28 ਅਕਤੂਬਰ 2018
ਭੋਗ ਸ੍ਰੀ ਯੋਗ ਵਸ਼ਿਸ਼ਟ ਸਾਹਿਬ, ਸਵੇਰੇ 10 ਵਜੇ
ਕਥਾ: ਸ੍ਰੀ ਵਾਲਮੀਕ ਰਮਾਇਣ ਸਾਹਿਬ, ਸਵੇਰੇ 11 ਵਜੇ
ਸ਼ਬਦ ਗਾਇਨ ਤੇ ਬੁਲਾਰੇ 11.30 ਵਜੇ ਸਵੇਰ ਤੋਂ ਸ਼ਾਮ 4 ਵਜੇ ਤੱਕ

**ਸਮਾਗਮਾਂ ਦੌਰਾਨ ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**
**ਸਥਾਨ–ਮਹਾਰਿਸ਼ੀ ਵਾਲਮੀਕ ਟੈਂਪਲ , 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**

**ਪ੍ਰਬੰਧਕ ਕਮੇਟੀ** ਪ੍ਰੇਮ ਸੌਂਧੀ (ਪ੍ਰਧਾਨ) 530-751-3887, ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ) 530-740-3056, ਕੁਲਦੀਪ ਥਾਪਰ (ਵਾਈਸ ਪ੍ਰਧਾਨ) 530-300-0522, ਜਸਪਾਲ ਮਾਲੜੀ (ਜਨਰਲ ਸਕੱਤਰ) 530-441-9124, ਵਿਸ਼ਾਲ ਸ਼ਰਬਤੀ (ਸਕੱਤਰ) 530-933-5915, ਬਲਵੀਰ ਧਾਲੀਵਾਲ (ਵਾਈਸ ਸਕੱਤਰ) 916-243-9017, ਗੁਰਪਾਲ ਸਿੰਘ (ਚੇਅਰਮੈਨ) 916-873-0311, ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ 530-301-0657, ਅਵਿਨਾਸ਼ ਸੌਂਧੀ (ਵਾਈਸ ਚੇਅਰਮੈਨ), ਵਿਨੋਦ ਗਿੱਲ (ਖਜਾਨਚੀ) 530-218-3969, ਬਲਵੀਰ ਥਾਪਰ (ਖਜਾਨਚੀ) 916-607-4650, ਵਰੁਨ ਗਿੱਲ (ਖਜਾਨਚੀ) 530-713-0151, ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ) 530-671-4039

### ਆਰਗੇਨਾਈਜਰਜ਼

ਸੁਰਜੀਤ ਗਿੱਲ, ਕੁੰਦਨ ਸੌਂਧੀ, ਰਕੇਸ਼ ਸਲਹੋਤਰਾ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਸ਼ਾਮ ਲਾਲ ਸੌਂਧੀ, ਰਵੀਪਾਲ, ਗੁਰਜੀਤ ਸਿੰਘ ਟਰੇਸੀ, ਸਾਧੂ ਰਾਮ ਭੱਟੀ, ਰਾਮ ਲਾਲ ਮੱਟੂ, ਤਰਸੇਮ ਲਾਲ ਥਾਪਰ, ਦੇਸ ਰਾਜ ਸ਼ੁੱਭ, ਅਮਰਜੀਤ ਸਿੰਘ ਲਾਲੀ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਦੀਪਕ ਸਹੋਤਾ, ਜਗਜੀਤ ਸਿੰਘ ਗਿੱਲ (ਰਾਣਾ) (ਮੇਨਟੀਨੈਂਸ ਆਰਗੇਨਾਈਜ਼ਰ), ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜ਼ਰ)

### ਕਲਾਕਾਰ

ਭੁਪਿੰਦਰ ਸਿੰਘ ਭਿੰਦਾ, ਅਮਰਜੀਤ ਸਿੰਘ ਲਾਲੀ, ਵਿਸ਼ਾਲ ਸ਼ਰਬਤੀ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਰੋਹਤਾਸ਼ ਸਿੰਘ ਭਗਾਣੀਆ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਲੀਵਾਲ, ਅੰਮ੍ਰਿਤਪਾਲ ਸਿੰਘ, ਸੋਨੂੰ ਸਿੰਘ, ਰਜਿੰਦਰ ਸਹੋਤਾ, ਲਤਾ ਸੌਂਧੀ, ਸਵਰਨ ਕੌਰ ਪਗਾਨੀ, ਜੀਵਨ ਰੱਤੂ, ਗੁਰਦੀਪ ਸਿੰਘ ਹੀਰਾ, ਗਿਆਨੀ ਪ੍ਰਿਤਪਾਲ ਸਿੰਘ।


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਡ-ਮੰਡਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੇ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free


TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532

# ਤਲਖ਼ ਆਵਾਜ਼ਾਂ ਤੇ ਭੜਕਾਹਟ ਦੇ ਸਾਏ 'ਚ ਉਦਾਸ ਹਾਲਾਤ

ਅੰਗ-ਸੰਗ



ਸ਼ਾਮ ਸਿੰਘ
98141-13338

**ਸੀਮਤ ਰਹਿ ਕੇ ਗੱਲ ਪੰਜਾਬ ਦੀ ਹੋਵੇ ਤਾਂ ਇੱਥੇ ਸਦਾ ਵਾਂਗ ਤਲਖ ਆਵਾਜ਼ਾਂ ਦਾ ਜ਼ੋਰ ਵੀ ਹੈ ਅਤੇ ਸ਼ੋਰ ਵੀ, ਜਿਨ੍ਹਾਂ ਨਾਲ ਭੜਕਾਹਟ ਵੀ ਪੈਦਾ ਹੋ ਰਹੀ ਹੈ ਅਤੇ ਅੰਤਾਂ ਦਾ ਤਨਾਅ ਵੀ। ਅਜਿਹੇ 'ਚ ਪੰਜਾਬ ਉਦਾਸ ਹੈ, ਪੰਜਾਬੀ ਬੇਆਸ ਅਤੇ ਪੰਜਾਬੀਅਤ ਮਾਯੂਸ। ਇਹ ਕੁਝ ਪੰਜਾਬੀਆਂ ਦੇ ਆਪਣੇ ਹੀ ਰਾਜ ਵਿੱਚ ਹੋ ਰਿਹਾ, ਜਿਹੜੇ ਹਾਲਾਤ ਤੋਂ ਬੇਖ਼ਬਰ ਤਾਂ ਨਹੀਂ, ਪਰ ਅਣਗਹਿਲੇ ਵੀ ਹਨ ਬੇਰਹਿਮ ਵੀ। ਉਹ ਹੁਕਮਰਾਨ ਹੋ ਕੇ ਵੀ ਹੁਕਮਰਾਨਾਂ ਵਰਗੇ ਜਵਾਬ ਦੇਣ ਦੇ ਸਮਰੱਥ ਨਹੀਂ, ਕਿਉਂਕਿ ਉਹ ਜਾਨ ਦੇਣ ਦੇ ਦਮਗਜੇ ਤਾਂ ਮਾਰਦੇ ਹਨ, ਪਰ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ। ਇਹੀ ਕਾਰਨ ਹੈ ਕਿ ਪੰਥਕ ਧਿਰਾਂ ਮੋਰਚੇ ਵਿੱਚ ਗੱਜ ਰਹੀਆਂ ਅਤੇ ਆਪਣੇ ਨਾਂਅ 'ਤੇ ਦਲ ਚਲਾਉਣ ਵਾਲੇ ਪੰਜਾਬ ਦੇ ਕਿਸੇ ਨੁੱਕਰੇ ਲੱਗ ਕੇ ਰਹਿ ਗਏ।**

ਹਰ ਪਾਸਿਉਂ ਤਲਖ ਆਵਾਜ਼ਾਂ ਆ ਰਹੀਆਂ। ਰੋਸ ਪ੍ਰਗਟ ਹੋ ਰਿਹਾ, ਰੋਹ ਪੈਦਾ ਹੋ ਰਿਹਾ। ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ, ਸੰਤਾਂ-ਭਗਤਾਂ ਅਤੇ ਫ਼ਕੀਰਾਂ ਦੀ ਇਸ ਧਰਤੀ 'ਤੇ ਮਿੱਠੀਆਂ ਆਵਾਜ਼ਾਂ ਅਤੇ ਰਸੀਲੇ ਬੋਲ ਜਿਵੇਂ ਗੁੰਮ ਹੋ ਕੇ ਰਹਿ ਗਏ ਹੋਣ। ਸੋਨੇ ਦੀ ਚਿੜੀ ਕਹਾਉਂਦੇ ਰਹੇ ਭਾਰਤ ਦੀ ਵਾਗਡੋਰ ਫ਼ਿਰਕਾਪ੍ਰਸਤੀ ਨੇ ਫੜ ਲਈ। ਇਹ ਕੇਹਾ ਵਰਤਾਰਾ ਹੈ ਕਿ ਚੁੱਪ ਪੱਸਰ ਗਈ! ਜਿਹੜੇ ਬੋਲ ਉੱਭਰਦੇ ਹਨ, ਉਨ੍ਹਾਂ ਦੀ ਆਜ਼ਾਦੀ ਖੋਹੀ ਜਾਂਦੀ ਹੈ, ਉੱਠਣ ਹੀ ਨਹੀਂ ਦਿੱਤਾ ਜਾਂਦਾ। ਹੁਣ ਤਾਂ ਉਹ ਸਮਾਂ ਚੱਲ ਰਿਹਾ, ਜਿੱਥੇ ਸੱਚੀਆਂ ਆਵਾਜ਼ਾਂ ਨੂੰ ਪ੍ਰਗਟ ਹੀ ਨਹੀਂ ਹੋਣ ਦਿੱਤਾ ਜਾਂਦਾ। ਜਿਹੜੀਆਂ ਪ੍ਰਗਟ ਹੋਣ ਦੀ ਜੁਰਅੱਤ ਕਰਦੀਆਂ ਹਨ, ਉਹ ਹੁਕਮਰਾਨਾਂ ਦੇ ਜਬਰ ਦਾ ਸ਼ਿਕਾਰ ਹੋਏ ਬਗ਼ੈਰ ਨਹੀਂ ਰਹਿੰਦੀਆਂ। ਅਜਿਹਾ ਵਿਹਾਰ ਆਜ਼ਾਦੀ ਅੱਗੇ ਸਵਾਲ ਬਣ ਕੇ ਤਾਂ ਖੜ੍ਹਦਾ ਹੈ, ਪਰ ਇਸ ਦਾ ਜਵਾਬ ਦੇਣ ਵਾਸਤੇ ਕੋਈ ਹੁਕਮਰਾਨ ਤਿਆਰ ਹੀ ਨਹੀਂ ਹੁੰਦਾ।

ਸੀਮਤ ਰਹਿ ਕੇ ਗੱਲ ਪੰਜਾਬ ਦੀ ਹੋਵੇ ਤਾਂ ਇੱਥੇ ਸਦਾ ਵਾਂਗ ਤਲਖ ਆਵਾਜ਼ਾਂ ਦਾ ਜ਼ੋਰ ਵੀ ਹੈ ਅਤੇ ਸ਼ੋਰ ਵੀ, ਜਿਨ੍ਹਾਂ ਨਾਲ ਭੜਕਾਹਟ ਵੀ ਪੈਦਾ ਹੋ ਰਹੀ ਹੈ ਅਤੇ ਅੰਤਾਂ ਦਾ ਤਨਾਅ ਵੀ। ਅਜਿਹੇ 'ਚ ਪੰਜਾਬ ਉਦਾਸ ਹੈ, ਪੰਜਾਬੀ ਬੇਆਸ ਅਤੇ ਪੰਜਾਬੀਅਤ ਮਾਯੂਸ। ਇਹ ਕੁਝ ਪੰਜਾਬੀਆਂ ਦੇ ਆਪਣੇ ਹੀ ਰਾਜ ਵਿੱਚ ਹੋ ਰਿਹਾ, ਜਿਹੜੇ ਹਾਲਾਤ ਤੋਂ ਬੇਖ਼ਬਰ ਤਾਂ ਨਹੀਂ, ਪਰ ਅਣਗਹਿਲੇ ਵੀ ਹਨ ਬੇਰਹਿਮ ਵੀ। ਉਹ ਹੁਕਮਰਾਨ ਹੋ ਕੇ ਵੀ ਹੁਕਮਰਾਨਾਂ ਵਰਗੇ ਜਵਾਬ ਦੇਣ ਦੇ ਸਮਰੱਥ ਨਹੀਂ, ਕਿਉਂਕਿ ਉਹ ਜਾਨ ਦੇਣ ਦੇ ਦਮਗਜੇ ਤਾਂ ਮਾਰਦੇ ਹਨ, ਪਰ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ। ਇਹੀ ਕਾਰਨ ਹੈ ਕਿ ਪੰਥਕ ਧਿਰਾਂ ਮੋਰਚੇ ਵਿੱਚ ਗੱਜ ਰਹੀਆਂ ਅਤੇ ਆਪਣੇ ਨਾਂਅ 'ਤੇ ਦਲ ਚਲਾਉਣ ਵਾਲੇ ਪੰਜਾਬ ਦੇ ਕਿਸੇ ਨੁੱਕਰੇ ਲੱਗ ਕੇ ਰਹਿ ਗਏ। ਅਜਿਹਾ ਵਰਤਾਰਾ ਉਨ੍ਹਾਂ ਹੀ ਸਿਰਜਿਆ ਹੈ, ਜਿਹੜੇ ਮੌਕੇ ਸਿਰ ਜ਼ਿੰਮੇਵਾਰੀ ਨਹੀਂ ਨਿਭਾ ਸਕੇ।

ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਪਹਿਲਾਂ ਵਾਂਗ ਹੀ ਜਾਰੀ ਹਨ, ਜਿਨ੍ਹਾਂ ਨੂੰ ਰੋਕਣ ਦਾ ਕੋਈ ਉਪਰਾਲਾ ਨਹੀਂ ਹੋ ਰਿਹਾ। ਭਾਵੇਂ ਕਰਜ਼ੇ ਆਪ ਸਹੇੜੇ ਹਨ, ਪਰ ਜਦ ਮੋੜਨ ਜੋਗੀ ਹਿੰਮਤ ਨਾ ਰਹੀ ਤਾਂ ਹਿੰਮਤ ਹਾਰ ਗਏ ਅਤੇ ਮੌਤ ਦੇ ਪੱਲੇ ਜਾ ਪਏ। ਆਪ ਤਾਂ ਦੁੱਖਾਂ ਤੋਂ ਮੁਕਤ ਹੋ ਗਏ, ਪਰ ਪਿੱਛੇ ਰਹਿ ਗਏ ਪਰਵਾਰਾਂ ਨੂੰ ਦੁੱਖਾਂ ਦੇ ਡੂੰਘੇ ਖ਼ੂਹ ਵਿੱਚ ਸੁੱਟ ਗਏ। ਸਰਕਾਰ ਡਫ਼ਲੀ ਤਾਂ ਵਜਾ ਰਹੀ ਹੈ, ਪਰ ਪੂਰੇ ਕਿਸਾਨਾਂ ਦੇ ਪੂਰੇ ਕਰਜ਼ੇ ਮੁਆਫ਼ ਕਰਨ ਦੇ ਸਮਰੱਥ ਨਹੀਂ। ਸਰਕਾਰੀ ਖ਼ਜ਼ਾਨੇ ਖੁਰੇ ਹੋਏ ਹਨ, ਭਰੇ ਹੋਏ ਨਹੀਂ। ਅਜਿਹੀ ਹਾਲਤ ਵਿੱਚ ਕਿੰਨੇ ਕੁ ਕਰਜ਼ੇ ਮੁਆਫ਼ ਕੀਤੇ ਜਾ ਸਕਣਗੇ, ਇਸ ਬਾਰੇ ਸਹੀ ਅੰਕੜਾ ਨਹੀਂ ਦੱਸਿਆ ਜਾ ਸਕਦਾ। ਕਿਸਾਨੀ ਕਰਜ਼ਿਆਂ ਦੀ ਵੱਡੀ ਸਮੱਸਿਆ ਹੈ, ਜਿਸ ਨੂੰ ਹੱਲ ਕੀਤੇ ਬਿਨਾਂ ਪੰਜਾਬ 'ਚ ਨਿੱਤ ਪੈਦਾ ਹੁੰਦੀ ਉਦਾਸੀ ਨਹੀਂ ਰੋਕੀ ਜਾ ਸਕਦੀ। ਔਖੇ ਹੋ ਕੇ ਵੀ ਕਿਸਾਨ-ਮਜ਼ਦੂਰ ਦੇਸ਼ ਭਰ ਲਈ ਅੰਨ ਪੈਦਾ ਕਰਦੇ ਹਨ। ਉਨ੍ਹਾਂ ਵੱਲ ਸੁਹਿਰਦਤਾ ਨਾਲ ਕਦਮ ਉਠਾਉਣ ਬਿਨਾਂ ਨਹੀਂ ਸਰਨਾ।

ਉਦਾਸ ਕਰਨ ਵਾਲੀ ਬੇਰੁਜ਼ਗਾਰੀ ਦੀ ਸਮੱਸਿਆ ਵੀ ਹੈ, ਜਿਹੜੀ ਪੂਰੇ ਦੇਸ਼ ਦਾ ਪਿੱਛਾ ਹੀ ਨਹੀਂ ਛੱਡ ਰਹੀ। ਪੰਜਾਬ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਹਜ਼ਾਰਾਂ ਤੋਂ ਲੱਖਾਂ ਤੱਕ ਪਹੁੰਚ ਗਈ। ਪੜ੍ਹਾਈ ਕਰਾਉਣ ਵਾਲੇ ਵਿਦਿਆਲੇ ਅਤੇ ਮਹਾਂਵਿਦਿਆਲੇ ਇਹ ਨਹੀਂ ਜਾਣਦੇ ਕਿ ਉਨ੍ਹਾਂ ਦੇ ਤਿਆਰ ਕੀਤੇ ਵਿਦਿਆਰਥੀ ਕਿਹੜੇ ਰੁਜ਼ਗਾਰ ਪ੍ਰਾਪਤ ਕਰਨਗੇ ਅਤੇ ਕਦੋਂ ਉਨ੍ਹਾਂ ਦੀ ਫਰਿਆਦ ਸੁਣੀ ਜਾਵੇਗੀ। ਵਾਰੀ ਕਦੋਂ ਆਵੇਗੀ। ਲੰਮੀਆਂ ਕਤਾਰਾਂ ਦੀ ਉਡੀਕ ਬਾਅਦ ਉਹ ਨਿਰਾਸ਼ ਅਤੇ ਉਦਾਸ ਹੋਏ ਵਿਦੇਸ਼ ਵੱਲ ਉਡਾਰੀ ਮਾਰਨ ਦੀ ਤਿਆਰੀ ਕਰਦੇ ਹਨ, ਪਰ ਉਨ੍ਹਾਂ ਉੱਤੇ ਲੱਗਿਆ ਦੇਸ਼ ਦਾ ਸਰਮਾਇਆ ਉਨ੍ਹਾਂ ਨੂੰ ਚੇਤੇ ਹੀ ਨਹੀਂ ਰਹਿੰਦਾ। ਖ਼ਬਰ ਉਦਾਸ ਵੀ ਹੈ ਤੇ ਨਿਰਾਸ਼ ਵੀ।

ਵੀਹ ਸੌ ਪੰਦਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਗਈ। ਅਕਾਲੀਆਂ ਦੇ ਰਾਜ ਵਿੱਚ ਹੋਇਆ ਇਹ ਘੋਰ ਅਪਰਾਧ ਪੰਜਾਬੀਆਂ ਦੇ ਹਿਰਦਿਆਂ ਨੂੰ ਵਲੂੰਧਰ ਗਿਆ। ਖ਼ਾਸ ਕਰ ਕੇ ਸਿੱਖ ਤਾਂ ਕੁਰਲਾ ਉੱਠੇ। ਗੁਰੂ ਕੇ ਪਿਆਰੇ ਸਵਾਲ ਕਰਨ ਲੱਗ ਪਏ ਕਿ ਬੇਅਦਬੀ ਕੌਣ ਕਰ ਗਿਆ। ਮੌਕੇ ਦੀ ਬੁਗ ਸਰਕਾਰ ਸੰਤੁਸ਼ਟੀ ਵਾਲੇ ਉੱਤਰ ਨਾ ਦੇ ਕੇ ਟਾਲ-ਮਟੋਲ ਵਾਲੇ ਜਵਾਬ ਦੇਣ ਲੱਗ ਪਈ। ਪੰਥਕ ਧਿਰਾਂ ਮੋਰਚਾ ਲਾ ਕੇ ਬਹਿ ਗਈਆਂ, ਜਿਸ ਕਾਰਨ ਪੰਜਾਬ ਭੜਕਾਹਟ ਦਾ ਸ਼ਿਕਾਰ ਹੋ ਗਿਆ ਅਤੇ ਨਿੱਤ ਦਿਨ ਤਨਾਅ ਵਧਣ ਲੱਗਾ। ਹੁਣ ਇਹ ਵੀ ਵੱਡਾ ਸਵਾਲ ਹੋ ਗਿਆ ਕਿ ਪੰਥਕ ਲੋਕਾਂ ਦੇ ਬੈਠਿਆਂ 'ਤੇ ਗੋਲੀਆਂ ਕੌਣ ਚਲਾ ਗਿਆ। ਸ਼ਹੀਦ ਹੋਏ ਦੋ ਸਿੰਘਾਂ ਵੱਲ ਕਿਸੇ ਦਾ ਧਿਆਨ ਨਾ ਗਿਆ। ਇਸ ਮਾਮਲੇ 'ਤੇ ਸਰਕਾਰ ਤਾਂ ਸੁੱਤੀ ਰਹਿ ਗਈ। ਸਰਕਾਰ ਤੇ ਪੰਥਕ ਧਿਰਾਂ ਦੀਆਂ ਤਲਖ਼ ਆਵਾਜ਼ਾਂ ਨੇ ਸ਼ੋਰ ਦਾ ਜੰਗਲ ਪੈਦਾ ਕਰ ਦਿੱਤਾ। ਰੈਲੀਆਂ ਸ਼ੁਰੂ ਹੋ ਗਈਆਂ। ਪੰਜਾਬੀਆਂ ਨੂੰ ਪਤਾ ਹੀ ਨਾ ਲੱਗੇ ਕਿ ਉਹ ਕਿੱਧਰ ਜਾਣ ਅਤੇ ਕਿੱਧਰ ਨਾ ਜਾਣ। ਦੂਜੇ ਸੂਬਿਆਂ ਤੋਂ ਲੋਕ ਢੋਹੇ ਜਾਣ ਲੱਗੇ।

ਰੈਲੀਆਂ ਦਾ ਉਹ ਮੁਹਾਂਦਰਾ ਹੀ ਨਾ ਰਿਹਾ। ਜਦੋਂ ਦਾ ਅਕਾਲੀ ਦਲ ਬਾਦਲ ਦਲ ਹੋ ਗਿਆ, ਨਿਘਾਰ ਵਧ ਗਿਆ। ਵਿੱਚੋਂ ਹੀ ਲੋਕ ਬਾਦਲਾਂ ਦੇ ਖ਼ਿਲਾਫ਼ ਬੋਲਣ ਲੱਗ ਪਏ। ਮੱਕੜ ਯੱਕੜ ਤੋਲਣ ਲੱਗ ਪਿਆ। ਕਿਰਨਜੋਤ ਕੌਰ ਨੇ ਆਪਣੀਆਂ ਕਿਰਨਾਂ 'ਚੋਂ ਪ੍ਰਸ਼ਨ ਪੈਦਾ ਕਰ ਦਿੱਤੇ। ਬ੍ਰਹਮਪੁਰਾ ਖ਼ੁਦ ਹੀ ਬ੍ਰਹਮ ਹੋਣ ਦਾ ਭੁਲੇਖਾ ਖਾਣ ਲੱਗ ਪਿਆ। ਸੁਖਦੇਵ ਸਿੰਘ ਭੌਰ ਤਾਂ ਬਾਦਲਾਂ ਲਈ ਦੁੱਖਦੇਵ ਸਿੰਘ ਦਾ ਰੂਪ ਧਾਰ ਗਿਆ। ਵਿਚਾਰਾ ਬਲਵਿੰਦਰ ਸਿੰਘ ਭੂੰਦੜ ਚਮਚਾਗਿਰੀ ਦੀਆਂ ਆਖ਼ਰੀ ਨੀਵਾਣਾਂ ਪਾਰ ਕਰਦਿਆਂ ਖ਼ੁਦ ਹੀ ਚਾਪਲੂਸੀ ਦੇ ਜਾਲ ਵਿੱਚ ਏਨੀ ਬੁਰੀ ਤਰ੍ਹਾਂ ਉਲਝਿਆ ਕਿ ਮੁਆਫ਼ੀ ਮੰਗਣੀ ਪੈ ਗਈ।

ਨਸ਼ਿਆਂ ਦਾ ਰੁਝਾਨ ਏਨਾ ਵਧਿਆ ਕਿ ਪੂਰਾ ਪੰਜਾਬ ਇਸ ਦੀ ਲਪੇਟ ਵਿੱਚ ਆ ਗਿਆ। ਕਈ ਕਿਸਮ ਦੇ ਨਵੇਂ ਨਸ਼ੇ ਬਾਹਰੋਂ ਆ ਗਏ। ਚਿੱਟੇ ਵਾਲ ਕਾਲੀਆਂ ਕਰਤੂਤਾਂ ਵਧਣ ਲੱਗੀਆਂ। ਪੰਜਾਬ ਦੀ ਜਵਾਨੀ ਲੁੱਟੀ ਜਾਣ ਲੱਗੀ। ਸਰਕਾਰ ਨੇ ਸ਼ਰਾਬਬੰਦੀ ਤਾਂ ਕੀ ਕਰਨੀ ਸੀ, ਠੇਕਿਆਂ ਦੀ ਗਿਣਤੀ ਘਟਾਉਣ ਲਈ ਵੀ ਤਿਆਰ ਨਾ ਹੋਈ। ਇਸ ਤਰ੍ਹਾਂ ਦੇ ਮਾਹੌਲ ਵਿੱਚ ਪੰਜਾਬ ਨਿੱਤ ਪਿੱਛੇ ਜਾਣ ਲੱਗ ਪਿਆ, ਅੱਗੇ ਵਧਣ ਲਈ ਇੱਕ ਵੀ ਕਦਮ ਨਾ ਪੁੱਟ ਸਕਿਆ। ਹੁਕਮਰਾਨ ਆਪਣੀਆਂ ਮੌਜਾਂ ਵਿੱਚ ਮਸਤ ਹਨ, ਜਿਸ ਕਰ ਕੇ ਉਹ ਕਦੇ ਬੋਲਦੇ ਹਨ ਕਦੇ ਨਹੀਂ, ਪਰ ਲੋਕ ਹਿੱਤ ਦੇ ਕਦਮ ਨਹੀਂ ਪੁੱਟਦੇ। ਨਸ਼ਿਆਂ ਨੂੰ ਖ਼ਤਮ ਕਰਨ ਦੀਆਂ ਸੌਂਹਾਂ ਚੁੱਕਣ ਵਾਲੇ ਬੇਵੱਸ ਹੋ ਗਏ ਲੱਗਦੇ ਹਨ, ਕਿਉਂਕਿ ਪੰਜਾਬ ਵਿੱਚ ਨਿੱਤ ਹੁੰਦੀਆਂ ਨਸ਼ੇੜੀਆਂ ਦੀਆਂ ਮੌਤਾਂ ਬੰਦ ਹੀ ਨਹੀਂ ਹੋ ਸਕੀਆਂ। ਨਿੱਤ ਹੁੰਦੇ ਉਦਾਸ ਹਾਲਾਤ ਮਾਹੌਲ ਨੂੰ ਉਦਾਸ ਕਰਨ ਤੋਂ ਨਹੀਂ ਰੁਕੇ।

ਉਦਾਸ ਕਰਨ ਵਾਲੀ ਇਹ ਵੀ ਗੱਲ ਹੈ ਕਿ ਭ੍ਰਿਸ਼ਟਾਚਾਰ ਖ਼ਤਮ ਹੋਣ ਦੀ ਥਾਂ ਵਧ ਗਿਆ। ਨਿੱਤ ਛੋਟੇ ਤੋਂ ਵੱਡੇ ਕਰਮਚਾਰੀ ਇਸ ਭ੍ਰਿਸ਼ਟਾਚਾਰ ਦੀ ਚੂਹੇਦਾਨੀ ਵਿੱਚ ਫਸ ਰਹੇ ਹਨ, ਜੋ ਆਪਣੀਆਂ ਮਾੜੀਆਂ ਆਦਤਾਂ ਤੋਂ ਬਾਜ਼ ਆਉਣ ਲਈ ਤਿਆਰ ਨਹੀਂ। ਮੋਟੀਆਂ ਅਤੇ ਨਿਰੰਤਰ ਤਨਖ਼ਾਹਾਂ ਲੈ ਕੇ ਵੀ ਉਹ ਘੁਣ ਵਾਂਗ ਖਾ ਰਹੇ ਭ੍ਰਿਸ਼ਟਾਚਾਰ ਦੀ ਕਾਲੀ ਕੰਨੀ ਨਹੀਂ ਛੱਡਦੇ। ਸ਼ਾਇਦ ਕਾਰਨ ਇਹ ਹੈ ਕਿ ਭ੍ਰਿਸ਼ਟਾਚਾਰ ਕਰਨ ਬਾਅਦ ਉਹ ਰਿਸ਼ਵਤ ਦੇਣ ਦਾ ਰਾਹ ਅਪਣਾ ਕੇ ਮੁਕਤੀ ਹਾਸਲ ਕਰ ਲੈਂਦੇ ਹਨ, ਜਿਸ ਕਾਰਨ ਭ੍ਰਿਸ਼ਟਾਚਾਰ ਰਬੜ ਨੂੰ ਖਿੱਚਣ ਵਾਂਗ ਵਧਦਾ ਤਾਂ ਰਹਿੰਦਾ ਹੈ, ਪਰ ਸੁੰਗੜਨ ਦਾ ਨਾਂਅ ਨਹੀਂ ਲੈਂਦਾ। ਸਖ਼ਤੀ ਬਿਨਾਂ ਮੇਜ਼ ਹੇਠੋਂ ਹੁੰਦੀ ਆਮਦਨ ਬੰਦ ਨਹੀਂ ਹੋ ਸਕਦੀ।

ਕੁਝ ਚਿਰ ਪਹਿਲਾਂ ਪੰਜਾਬ ਵਿੱਚ ਤੀਜੀ ਧਿਰ ਉੱਠੀ ਸੀ ਆਮ ਆਦਮੀ ਪਾਰਟੀ। ਕੇਰਾਂ ਤਾਂ ਉਸ ਦੇ ਹੱਕ ਵਿੱਚ ਹਵਾ ਹੋ ਗਈ, ਪਰ ਛੇਤੀ ਹੀ ਸੱਤਾ ਦੇ ਭੁੱਖਿਆਂ ਨੇ ਪਾਰਟੀ ਖੇਰੂੰ-ਖੇਰੂੰ ਕਰ ਦਿੱਤੀ, ਜਿਸ ਨਾਲ ਝਾੜੂ ਦਾ ਤੀਲਾ-ਤੀਲਾ ਬਿਖਰ ਗਿਆ। ਹੁਣ ਇਹੀ ਪਾਰਟੀ ਕੇਵਾਲ ਦੋਫਾੜ ਨਹੀਂ, ਬਲਕਿ ਤਿਫਾੜ ਹੋ ਗਈ। ਦਿੱਲੀ ਦੇ ਦਰਬਾਰੀ ਵਿਧਾਇਕ, ਪੰਜਾਬ ਦੇ ਹਿਤੈਸ਼ੀ ਵਿਧਾਇਕ ਅਤੇ ਫੇਰ ਧਰਮ ਦੇ ਵੀਰ ਅਤੇ ਛੋਟੇਪੁਰ। ਕਦੇ ਛੋਟੇਪੁਰ ਨੇ ਵੱਡੇ ਸੁਫ਼ਨੇ ਲਏ ਸਨ, ਪਰ ਉਸ ਨੂੰ ਰੋਲ ਕੇ ਰੱਖ ਦਿੱਤਾ ਗਿਆ। ਉਹ ਪਾਰਟੀ ਤੋਂ ਵੱਖ ਹੋ ਕੇ ਬਹਿ ਗਿਆ। ਆਪਣਾ ਪੰਜਾਬ ਪਾਰਟੀ ਬਣਾ ਕੇ ਕੁਝ ਹਾਸਲ ਨਾ ਕਰ ਸਕਿਆ। ਹੁਣ ਉਸ ਨੂੰ ਮਨਾਉਣ ਦੇ ਜਤਨ ਹੋ ਰਹੇ ਹਨ, ਪਰ ਸ਼ਾਇਦ ਉਹ ਥੁੱਕਿਆ ਮੁੜ ਨਾ ਚੱਟੇ। ਇਹ ਪਾਰਟੀ ਅਜੇ ਵੀ ਦਿੱਲੀ ਦੀਆਂ ਲੇਲ੍ਹੜੀਆਂ ਕੱਢ ਰਹੀ ਹੈ, ਜਿਸ ਤੋਂ ਜੇ ਇਹ ਬਾਜ਼ ਨਾ ਆਈ ਤਾਂ ਪੰਜਾਬ ਦੇ ਲੋਕ ਤੀਜੀ ਧਿਰ ਤੋਂ ਵਾਂਝੇ ਹੀ ਰਹਿ ਜਾਣਗੇ। ਅਜੇ ਇਹੀ ਕੁਝ ਲੱਗਦੈ।

ਦਲੀਲ ਨਾਲ ਸੋਚਿਆ ਜਾਵੇ ਤਾਂ ਪੰਜਾਬ ਦੇ ਹਿੱਤ ਵਾਲੇ ਵਿਧਾਇਕ, ਵਲੰਟੀਅਰ, ਧਰਮਵੀਰ ਗਾਂਧੀ, ਖ਼ਾਲਸਾ ਹਰਿੰਦਰ ਸਿੰਘ, ਛੋਟੇਪੁਰ ਅਤੇ ਬੈਂਸ ਭਰਾ ਇਕੱਠੇ ਹੋ ਕੇ ਪੰਜਾਬ ਦੇ ਹੋਰ ਹਿਤੈਸ਼ੀਆਂ ਨੂੰ ਨਾਲ ਲੈ ਕੇ ਸਿਆਸੀ ਪਾਰਟੀ ਦਾ ਗਠਨ ਕਰਨ ਤਾਂ ਪੰਜਾਬ ਨੂੰ ਮੁਤਵਾਜ਼ੀ ਬਦਲ ਵੀ ਦੇ ਦੇਣਗੇ ਅਤੇ ਨਵਾਂ ਰੁਝਾਨ ਦੇਣ ਦੇ ਸਮਰੱਥ ਵੀ ਹੋ ਸਕਣਗੇ। ਪੰਜਾਬ ਦੇ ਅਗਾਂਹ-ਵਧੂ ਲੋਕਾਂ ਨੂੰ ਵੀ ਵਾਜ ਮਾਰ ਲੈਣ ਤਾਂ ਉਹ ਵੀ ਆਪਣੇ ਆਪ ਨੂੰ ਝਾੜ-ਝੂੜ ਕੇ ਮੈਦਾਨ ਵਿੱਚ ਨਿੱਤਰਨ ਲਈ ਆ ਜਾਣਗੇ ਅਤੇ ਉਨ੍ਹਾਂ ਅੰਦਰ ਛੁਪਿਆ ਜੁਝਾਰੂਪੁਣਾ ਮੁੜ ਸੰਘਰਸ਼ਾਂ ਦੇ ਰਾਹ ਤੁਰਨ ਲੱਗ ਪਵੇਗਾ।

ਬਦਕਿਸਮਤੀ ਹੈ ਪੰਜਾਬ ਦੀ, ਜਿਸ ਨੂੰ ਸੁਹਿਰਦ, ਜ਼ਿੰਮੇਵਾਰ ਅਤੇ ਇਮਾਨਦਾਰ ਹੁਕਮਰਾਨ ਨਹੀਂ ਮਿਲਦੇ। ਸਭ ਆਉਂਦੇ ਹਨ ਅਤੇ ਲੁੱਟੇ ਬਗ਼ੈਰ ਵਾਪਸ ਨਹੀਂ ਜਾਂਦੇ। ਉਨ੍ਹਾਂ ਦੇ ਕਾਰੋਬਾਰ ਫਲਦੇ-ਫੁੱਲਦੇ, ਪਰ ਸਰਕਾਰ ਦੇ ਖ਼ਜ਼ਾਨੇ ਖ਼ਾਲੀ। ਲੋਕ ਬੇਵੱਸ ਅਤੇ ਚੁੱਪ ਦੇ ਚੁੱਪ। ਸਿਆਸਤਦਾਨ ਆਪਣੀ ਖੇਡ ਖੇਡਦੇ ਹਨ ਅਤੇ ਲੋਕਾਂ ਨੂੰ ਚਾਰਨ ਤੋਂ ਗੁਰੇਜ਼ ਨਹੀਂ ਕਰਦੇ। ਰੈਲੀਆਂ ਦੀ ਖੇਡ ਇੰਜ ਖੇਡਦੇ ਹਨ, ਜਿਵੇਂ ਬੱਚੇ ਖੇਲ੍ਹ-ਖੇਲ੍ਹ ਖੋਲ੍ਹਦੇ ਹੋਣ। ਇੱਕ ਦੂਜੇ ਲਈ ਅਬੱਦਰ ਸ਼ਬਦ, ਬੋਲ-ਕੁਬੋਲ ਬੋਲਦੇ ਹੋਏ ਸਦਾਚਾਰ ਦੀਆਂ ਉਚਾਈਆਂ ਨੂੰ ਕਾਇਮ ਨਹੀਂ ਰਹਿਣ ਦਿੰਦੇ। ਅਜਿਹੇ ਤਾਅਨੇ-ਮਿਹਣੇ ਮਾਰਦੇ ਹਨ, ਜਿਹੜੇ ਤਲਖ਼ ਹੋਣ ਕਾਰਨ ਤਲਖ਼ੀ ਪੈਦਾ ਕੀਤੇ ਬਗ਼ੈਰ ਨਹੀਂ ਰਹਿੰਦੇ। ਮਾਹੌਲ ਤਨਾਅ ਵਾਲਾ ਹੋਣ ਕਾਰਨ ਭੜਕਾਹਟ ਪੈਦਾ ਹੁੰਦੀ ਹੈ, ਜਿਸ ਦਾ ਖਮਿਆਜ਼ਾ ਪੂਰਾ ਪੰਜਾਬ ਹੀ ਭੁਗਤੇ ਬਿਨਾਂ ਨਹੀਂ ਰਹਿੰਦਾ।

ਆਖ਼ਰੀ ਗੱਲ ਕਹਿਣ ਵਾਲੀ ਇਹ ਹੈ ਕਿ ਲੋਕ ਜਾਗ ਪੈਣ, ਆਪਣੇ ਬਾਰੇ ਨਾ ਸਹੀ ਤਾਂ ਬੱਚਿਆਂ ਬਾਰੇ ਸੋਚਣ, ਪੰਜਾਬ ਦੇ ਭਵਿੱਖ ਬਾਰੇ ਸੋਚਦਿਆਂ ਉਨ੍ਹਾ ਲੋਕਾਂ ਨੂੰ ਹੀ ਅੱਗੇ ਲਿਆਉਣ, ਸੱਤਾ ਦੇਣ, ਜਿਹੜੇ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਅਤੇ ਪੰਜਾਬੀਆਂ ਲਈ ਖ਼ੁਸ਼ਹਾਲੀ ਪੈਦਾ ਕਰਨ, ਤਾਂ ਕਿ ਪੰਜਾਬ ਅਤੇ ਪੰਜਾਬੀ ਤਲਖ ਆਵਾਜ਼ਾਂ, ਤਨਾਅ, ਭੜਕਾਹਟ ਅਤੇ ਗਹਿਰੀ ਉਦਾਸੀ ਤੋਂ ਮੁਕਤ ਹੋ ਸਕਣ।

### ਲਤੀਫ਼ੇ ਦਾ ਚਿਹਰਾ-ਮੋਹਰਾ

ਪ੍ਰਚਾਰਕ : ਸਰਦੀਆਂ ਦੇ ਪਾਲੇ 'ਚ ਠਰਨਾ, ਗਰਮੀ ਦੀ ਤਪਸ਼ 'ਚ ਸੜਨਾ ਅਤੇ ਗ਼ਰੀਬੀ ਦਾ ਘੋਰ ਦੁੱਖ ਭੋਗਣਾ ਕਰਮਾਂ ਦਾ ਫਲ ਹੈ।

ਅਮਲੀ : ਤਦ ਫੇਰ ਦੁਨੀਆ ਭਰ ਦੇ ਜੱਜ ਕਨੂੰਨ ਦਾ ਫ਼ਲ ਕਿਉਂ ਦੇਈ ਜਾਂਦੇ ਹਨ?

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

## ਲੋਕ ਸਭਾ ਚੋਣਾਂ 2019

# ਮਾਇਆਵਤੀ ਕਿਉਂ ਚਾਹੁੰਦੀ ਹੈ ਵੱਡੀ ਭੂਮਿਕਾ

ਬਿਹਾਰ ਵਿਚ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੂ.) ਨੇ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੇ ਮਹਾਂਗੱਠਬੰਧਨ ਤੋਂ ਅਲੱਗ ਹੋ ਕੇ ਭਾਜਪਾ ਦੇ ਨਾਲ ਗੱਠਜੋੜ ਕੀਤਾ ਸੀ ਤਾਂ ਇਹ ਭਾਜਪਾ ਦੇ ਲਈ ਵੱਡੀ ਜਿੱਤ ਵਰਗੀ ਸੀ ਕਿਉਂਕਿ ਐਨ. ਡੀ. ਏ. ਨੂੰ ਇਸ ਨਾਲ ਕਾਫੀ ਮਜ਼ਬੂਤੀ ਮਿਲੀ ਸੀ ਅਤੇ ਵਿਰੋਧੀ ਧਿਰ ਕਮਜ਼ੋਰ ਹੋਏ ਸੀ ਪਰ ਕੁਝ ਸਮੇਂ ਬਾਅਦ ਏ ਉਤਰ ਪ੍ਰਦੇਸ਼ ਵਿਚ ਫੂਲਪੁਰ ਅਤੇ ਗੋਰਖਪੁਰ ਦੇ ਲਈ ਹੋਈਆਂ ਲੋਕ ਸਭਾ ਉਪ ਚੋਣਾਂ ਵਿਚ ਬਸਪਾ ਅਤੇ ਸਪਾ ਇਕੱਠੀ ਆਏ ਅਤੇ ਦੋਵੇਂ ਸੀਟਾਂ 'ਤੇ ਭਾਜਪਾ ਨੂੰ ਹਾਰ ਹੋਏ ਤਾਂ ਅਜਿਹੇ ਫਿਰ ਤੋਂ ਕੌਮੀ ਪੱਧਰ 'ਤੇ ਮਹਾਂ-ਗੱਠਜੋੜ ਦੀਆਂ ਉਮੀਦਾਂ ਬਣਨ ਲੱਗੀਆਂ। ਇਸ ਤੋਂ ਬਾਅਦ ਕਰਨਾਟਕ ਵਿਚ ਜਦੋਂ ਕਾਂਗਰਸ ਨੇ ਜਨਤਾ ਦਲ (ਐਸ.) ਨੂੰ ਸਮਰਥਨ ਦੇ ਕੇ ਉਸਦੀ ਸਰਕਾਰ ਬਣਵਾਏ ਤਾਂ ਇਕ ਹੋਰ ਉਮੀਦ ਵਧੀ ਕਿਉਂਕਿ ਕਰਨਾਟਕ ਚੋਣਾਂ ਵਿਚ ਜਨਤਾ ਦਲ (ਐਸ.) ਅਤੇ ਬਸਪਾ ਨੇ ਚੋਣਾਂ ਤੋਂ ਪਹਿਲਾਂ ਗੱਠਜੋੜ ਕੀਤਾ ਸੀ। ਕਰਨਾਟਕ ਵਿਚ ਕਾਂਗਰਸ-ਜਨਤਾ ਦਲ ਬਸਪਾ ਦੀ ਸਰਕਾਰ ਬਣਨ ਦੇ ਬਾਅਦ ਹੋਰ ਰਾਜਾਂ ਵਿਚ ਕਾਂਗਰਸ-ਬਸਪਾ ਵਿਚਕਾਰ ਗੱਠਜੋੜ ਦੇ ਅੰਦਾਜ਼ਾ ਲਗਾਏ ਜਾਣ ਲੱਗੇ। ਅਜਿਹਾ ਮੰਨਿਆ ਜਾਣ ਲੱਗਾ ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਅਤੇ ਬਸਪਾ ਵਿਚਕਾਰ ਗੱਠਜੋੜ ਹੋ ਸਕਦਾ ਹੈ। ਇਸਦਾ ਆਧਾਰ 2003 ਤੋਂ ਬਾਅਦ ਇਹਨਾਂ ਤਿੰਨਾਂ ਰਾਜਾਂ ਵਿਚ ਹੋਈਆਂ ਚੋਣਾਂ ਦੇ ਦੌਰਾਨ ਕਾਂਗਰਸ ਅਤੇ ਬਸਪਾ ਦੇ ਵੋਟ ਸ਼ੇਅਰ ਨੂੰ ਮੰਨਿਆ ਜਾ ਰਿਹਾ ਸੀ ਕਿਉਂਕਿ ਇਹਨਾਂ ਰਾਜਾਂ ਵਿਚ ਹੋਈਆਂ 9 ਸੀਟਾਂ ਦੀਆਂ ਉਪ ਚੋਣਾਂ ਵਿਚੋਂ 6 ਸੀਟਾਂ 'ਤੇ ਦੋਵੇਂ ਪਾਰਟੀਆਂ ਨੇ ਭਾਜਪਾ ਤੋਂ ਜ਼ਿਆਦਾ ਵੋਟਾਂ ਲਈਆਂ ਸਨ ਪਰ ਮਾਇਆਵਤੀ ਦੇ ਹਾਲੀਆ ਐਲਾਨ ਨੇ ਇਕ ਵਾਰ ਫਿਰ ਇਸ ਉਮੀਦ 'ਤੇ ਪਾਣੀ ਫੇਰ ਦਿੱਤਾ। ਬਸਪਾ ਸੁਪਰੀਮੋ ਨੇ ਛੱਤੀਸਗੜ੍ਹ ਵਿਚ ਅਜੀਤ ਜੋਗੀ ਦੇ ਨਾਲ ਗੱਠਜੋੜ ਕਰ ਲਿਆ ਅਤੇ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਲਈ ਵੀ ਆਪਣੇ 22 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਮਾਇਆਵਤੀ ਵਾਰ-ਵਾਰ ਕਹਿੰਦੀ ਰਹੀ ਹੈ ਕਿ ਜੇਕਰ ਉਹਨਾਂ ਨੂੰ ਸਨਮਾਨ ਪੂਰਵਕ ਸੀਟਾਂ ਨਾ ਦਿੱਤੀਆਂ ਗਈਆਂ ਤਾਂ ਉਹ ਕਿਸੇ ਦੇ ਨਾਲ ਗੱਠਜੋੜ ਨਹੀਂ ਕਰੇਗੀ ਅਤੇ ਇਕੱਲੀ ਚੋਣ ਲੜੇਗੀ।



ਹਾਲਾਂਕਿ ਬਸਪਾ ਨੂੰ ਇਕੱਲੇ ਚੋਣਾਂ ਲੜਨ ਦਾ ਨਤੀਜਾ ਭੁਗਤਣਾ ਪਿਆ ਹੈ ਅਤੇ ਪਿਛਲੀਆਂ ਲੋਕ ਸਭ ਚੋਣਾਂ ਵਿਚ ਉਸਨੂੰ ਇਕ ਵੀ ਸੀਟ ਨਹੀਂ ਮਿਲੀ ਸੀ ਅਤੇ ਯੂ. ਪੀ. ਦੀਆਂ ਵਿਧਾਨ ਸਭਾ ਚੋਣਾਂ ਵਿਚ ਨਾ ਕੇਵਲ ਉਹਨਾਂ ਦੀਆਂ ਸੀਟਾਂ ਘੱਟ ਹੋਈਆਂ ਬਲਕਿ ਉਹਨਾਂ ਦੀ ਪਾਰਟੀ ਦਾ ਵੋਟ ਸ਼ੇਅਰ ਵੀ 1989 ਤੋਂ ਬਾਅਦ ਹੇਠਲੇ ਪੱਧਰ ਤੇ ਆ ਗਿਆ। ਇਸ ਕਰਕੇ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਆਖਿਰਕਾਰ ਮਾਇਆਵਤੀ ਵਿਚ ਇੰਨੀ ਹਿੰਮਤ ਆਏ ਕਿੱਥੋਂ, ਜਦਕਿ ਇਹ ਸਪਸ਼ਟ ਹੈ ਕਿ ਵਿਰੋਧੀ ਧਿਰ ਦਾ ਗੱਠਜੋੜ ਸਾਲ 2014 ਦੀਆਂ ਚੋਣਾਂ ਦੇ ਵਕਤ ਦੇ ਗੱਠਜੋੜ ਤੋਂ ਜ਼ਿਆਦਾ ਮਜ਼ਬੂਤ ਹੋਵੇਗਾ। ਮਾਇਆਵਤੀ ਵਿਰੋਧੀ ਘਿਰ ਦੇ ਮਹਾਂਗੱਠਜੋੜ ਵਿਚ ਸ਼ਾਮਲ ਹੋਵੇ ਜਾਂ ਨਾ ਹੋਵੇ ਪਰ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਵਿਰੋਧੀ ਧਿਰ ਦੇ ਗੱਠਜੋੜ ਵਿਚ ਜ਼ਿਆਦਾ ਪਾਰਟੀਆਂ ਹੋਣਗੀਆਂ।

ਦਰਅਸਲ ਭਾਜਪਾ-ਕਾਂਗਰਸ ਤੋਂ ਬਾਅਦ ਬਸਪਾ ਇਕੱਲੀ ਅਜਿਹੇ ਪਾਰਟੀ ਹੈ, ਜਿਸਦੀ ਪਹੁੰਚ ਕੌਮੀ ਪੱਧਰ 'ਤੇ ਹੈ। ਇਕ ਅੰਕੜੇ ਦੇ ਮੁਤਾਬਕ ਸਾਲ 2004, 2009 ਅਤੇ 2014 ਦੀਆਂ ਚੋਣਾਂ ਵਿਚ ਸੰਸਦੀ ਖੇਤਰ ਦੇ ਪੱਧਰ ਤੇ ਮਿਲੇ ਔਸਤ ਵੋਟ ਸ਼ੇਅਰ ਵਿਚ ਬਸਪਾ ਦਾ ਤੀਜਾ ਨੰਬਰ ਰਿਹਾ ਹੈ। ਬਸਪਾ ਨੂੰ 200 ਤੋਂ ਜ਼ਿਆਦਾ ਸੀਟਾਂ ਤੇ 1 ਫੀਸਦੀ ਤੋਂ ਜ਼ਿਆਦਾ ਵੋਟ ਮਿਲੀ ਸੀ।

ਇਹੀ ਨਹੀਂ, ਬਸਪਾ ਨੂੰ ਸਾਰੀਆਂ ਸੰਸਦੀ ਸੀਟਾਂ 'ਤੇ ਕੁਝ ਨਾ ਕੁਝ ਵੋਟ ਮਿਲੇ ਸਨ। ਇਸਦਾ ਮਤਲਬ ਸਪਸ਼ਟ ਹੈ ਕਿ ਅਸਲ ਵਿਚ ਕਾਂਗਰਸ ਅਤੇ ਭਾਜਪਾ ਤੋਂ ਇਲਾਵਾ ਬਸਪਾ ਏ ਇਕੱਲੀ ਅਜਿਹੇ ਪਾਰਟੀ ਹੈ ਜੋ ਕੌਮੀ ਪੱਧਰ 'ਤੇ ਆਪਣੀ ਪਹੁੰਚ ਰੱਖਦੀ ਹੈ।

ਅਜਿਹੇ ਵਿਚ ਬਸਪਾ ਕੇਵਲ ਉਤਰ ਪ੍ਰਦੇਸ਼ ਤੱਕ ਸੀਮਤ ਰਹਿਣ ਵਾਲੀ ਪਾਰਟੀ ਨਹੀਂ ਹੈ ਅਤੇ ਮਾਇਆਵਤੀ ਨੂੰ ਲੱਗਦਾ ਹੈ ਕਿ ਉਹਨਾਂ ਨੂੰ ਕੌਮੀ ਪੱਧਰ ਤੇ ਜ਼ਿਆਦਾ ਸਨਮਾਨ ਜਨਕ ਸੀਟਾਂ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ ਪਾਰਟੀ ਘੱਟ ਤੋਂ ਘੱਟ 200 ਸੰਸਦੀ ਸੀਟਾਂ 'ਤੇ ਕਿਸੇ ਨਾ ਕਿਸੇ ਪੱਧਰ ਤੇ ਪ੍ਰਭਾਵਿਤ ਕਰ ਸਕਦੀ ਹੈ।

# ਸਥਾਨਕ ਸਰਕਾਰਾਂ ਦੀਆਂ ਚੋਣਾਂ:- ਕਿਸ ਕੀ ਖੱਟਿਆ, ਕੀ ਕਮਾਇਆ?

**ਇਹਨਾ ਚੋਣਾਂ ਦੌਰਾਨ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪੋ ਆਪਣੇ ਚੋਣ ਨਿਸ਼ਾਨ ਉਤੇ ਚੋਣ ਲੜੀ। ਆਮ ਆਦਮੀ ਪਾਰਟੀ ਨੇ ਆਪਸੀ ਫੁੱਟ ਕਾਰਨ ਇਹਨਾ ਚੋਣਾਂ 'ਚ ਸਿੱਧਿਆਂ ਹਿੱਸਾ ਨਹੀਂ ਲਿਆ। ਬਸਪਾ ਜਿਸਦਾ ਸੂਬੇ ਦੇ ਕਈ ਥਾਂਵਾਂ ਉਤੇ ਚੰਗਾ ਅਧਾਰ ਹੈ ਨੇ ਵੀ ਇਸ ਚੋਣ 'ਚ ਹਿੱਸਾ ਨਹੀਂ ਲਿਆ ਪਰ ਕੁਝ ਥਾਵਾਂ ਖਾਸ ਕਰਕੇ ਦੁਆਬਾ ਖਿੱਤੇ 'ਚ ਇਸ ਵਲੋਂ ਉਮੀਦਵਾਰ ਖੜੇ ਕਰਕੇ ਅਸਿੱਧੇ ਤੌਰ ਤੇ ਉਮੀਦਵਾਰਾਂ ਦੀ ਸਹਾਇਤਾ ਕੀਤੀ ਪਰ ਇਸ ਚੋਣ 'ਚ ਇਹ ਉਮੀਦਵਾਰ ਕੋਈ ਵੱਡੀ-ਛੋਟੀ ਪ੍ਰਾਪਤੀ ਨਹੀਂ ਕਰ ਸਕੇ। ਸੂਬੇ ਭਰ ਦੇ ਪਿੰਡਾਂ 'ਚ ਇਹਨਾ ਚੋਣਾਂ ਦੀਆਂ ਭਰ ਸਰਗਰਮੀਆਂ ਵੇਖਣ ਨੂੰ ਮਿਲੀਆਂ ਪਰ ਕੁਲ ਵੋਟਾਂ ਦਾ ਦੋ ਤਿਹਾਈ ਹਿੱਸਾ ਵੀ ਪੋਲਿੰਗ ਨਹੀਂ ਹੋ ਸਕੀ, ਪਰ ਇੱਕ ਗੱਲ ਜੋ ਵਿਸ਼ੇਸ਼ ਸੀ, ਉਹ ਇਹ ਕਿ ਲੋਕਾਂ ਨੇ ''ਨੋਟਾ'' ਦਾ ਪ੍ਰਯੋਗ ਇਹਨਾ ਚੋਣਾਂ 'ਚ ਪਹਿਲੀ ਵਾਰ ਕੀਤਾ। ਅਤੇ ਪੰਜਾਬ ਸਰਕਾਰ ਵਲੋਂ ਪਾਸ ਕੀਤੇ ਇਕ ਕਾਨੂੰਨ ਤਹਿਤ ਕੁਲ ਉਮੀਦਵਾਰਾਂ ਵਿਚੋਂ ਅੱਧੀਆਂ ਸੀਟਾਂ ਉਤੇ ਔਰਤ ਉਮੀਦਵਾਰਾਂ ਨੇ ਚੋਣ ਲੜੀ, ਭਾਵੇਂ ਕਿ ਉਹਨਾ ਵਿਚੋਂ ਬਹੁਤੀਆਂ ਸਿੱਧਿਆ ਚੋਣਾਂ ਮੈਦਾਨ 'ਚ ਨਹੀਂ ਸਨ, ਸਗੋਂ ਉਹਨਾ ਦੇ ਪਤੀ, ਭਰਾ, ਪਿਉ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਉਹਨਾ ਦੀ ਚੋਣ ਮੁਹਿੰਮ ਚਲਾਉਂਦੇ ਵੇਖੇ ਗਏ।**



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ ਵਿੱਚ ਬਲਾਕ ਸੰਮਤੀਆਂ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਸੰਪਨ ਹੋ ਗਈਆਂ ਹਨ, ਜਿਵੇਂ ਕਿ ਪਹਿਲਾਂ ਹੀ ਆਸ ਸੀ, ਹਾਕਮ ਧਿਰ ਕਾਂਗਰਸ ਨੇ ਸਾਰੇ ਜ਼ਿਲਿਆਂ 'ਚ ਵੱਡੀ ਗਿਣਤੀ 'ਚ ਜ਼ਿਲਾ ਪ੍ਰੀਸ਼ਦ ਤੇ ਬਲਾਕ ਸੰਮਤੀ ਜੋਨਾਂ 'ਚ ਜਿੱਤ ਪ੍ਰਾਪਤ ਕੀਤੀ। ਵਿਰੋਧੀ ਧਿਰ ਆਮ ਆਦਮੀ ਪਾਰਟੀ ਜ਼ਿਲਾ ਪ੍ਰੀਸ਼ਦ 'ਚ ਖਾਤਾ ਵੀ ਨਹੀਂ ਖੋਲ੍ਹ ਸਕੀ, ਭਾਜਪਾ ਨੂੰ ਕੁਲ 02 ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 18 ਸੀਟਾਂ ਉਤੇ ਸਬਰ ਕਰਨਾ ਪਿਆ। ਹਾਕਮ ਧਿਰ ਇਸ ਜਿੱਤ ਉਤੇ ਖੁਸ਼ੀਆਂ ਮਨਾ ਰਹੀ ਹੈ ਅਤੇ ਪਿਛਲੇ ਡੇਢ ਸਾਲ ਦੀਆਂ ਸਰਕਾਰ ਦੀਆਂ ਉਪਲੱਬਧੀਆਂ ਕਾਰਨ ਇਹ ਜਿੱਤ ਮੰਨ ਰਹੀ ਹੈ। ਦਸ ਸਾਲਾਂ ਬਾਅਦ ਕਾਂਗਰਸ ਨੂੰ ਇਹ ਸਥਾਨਕ ਜਿੱਤਾਂ ਪ੍ਰਾਪਤ ਹੋਈਆਂ ਹਨ। ਪੰਚਾਇਤ ਸੰਮਤੀ ਚੋਣਾਂ 'ਚ ਕੁਲ 2899 ਜੋਨਾਂ ਵਿੱਚੋਂ ਕਾਂਗਰਸ 2351, ਅਕਾਲੀ ਦਲ 353, ਭਾਜਪਾ 63 ਅਤੇ ਆਪ 20 ਉਤੇ ਜਿੱਤ ਪ੍ਰਾਪਤ ਕਰਨ 'ਚ ਕਾਮਯਾਬ ਹੋਈ।

ਇਹਨਾ ਸਥਾਨਕ ਸਰਕਾਰਾਂ ਦੀਆਂ ਚੋਣਾਂ ਉਤੇ ਸਰਕਾਰ ਅਤੇ ਆਮ ਲੋਕਾਂ ਦੇ ਕਰੋੜਾਂ ਰੁਪਏ ਖਰਚ ਹੋਏ। ਲੋਕਾਂ ਦੀਆਂ ਆਪਸੀ ਦੁਸ਼ਮਣੀਆਂ ਵਧੀਆਂ। ਰਿਸ਼ਤਿਆਂ ਵਿੱਚ ਤ੍ਰੇੜ ਪਈ। ਕਈ ਥਾਵੀਂ ਕਾਂਗਰਸ ਅਕਾਲੀਆਂ ਦੀਆਂ ਤਿੱਖੀਆਂ ਝੜਪਾ ਹੋਈਆਂ। ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ 'ਚ ਕਾਂਗਰਸ ਵਲੋਂ ਕੀਤੀ ਗਈ ਧੱਕੇਸ਼ਾਹੀ ਅਤੇ ਕਥਿਤ ਗੁੰਡਾਗਰਦੀ ਦੇ ਖਿਲਾਫ ਰਣਨੀਤੀ ਤਿਆਰ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਪੁਲਿਸ ਅਤੇ ਪ੍ਰਸਾਸ਼ਨ ਖਿਲਾਫ ਵੀ ਭੜਾਸ ਕੱਢੀ ਅਤੇ ਕਾਂਗਰਸ ਦੀ ਇਸ ਜਿੱਤ ਲਈ ਉਹਨਾ ਨੂੰ ਜੁੰਮੇਵਾਰ ਠਹਿਰਾਇਆ।

ਇਹਨਾ ਚੋਣਾਂ ਦੌਰਾਨ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪੋ ਆਪਣੇ ਚੋਣ ਨਿਸ਼ਾਨ ਉਤੇ ਚੋਣ ਲੜੀ। ਆਮ ਆਦਮੀ ਪਾਰਟੀ ਨੇ ਆਪਸੀ ਫੁੱਟ ਕਾਰਨ ਇਹਨਾ ਚੋਣਾਂ 'ਚ ਸਿੱਧਿਆਂ ਹਿੱਸਾ ਨਹੀਂ ਲਿਆ। ਬਸਪਾ ਜਿਸਦਾ ਸੂਬੇ ਦੇ ਕਈ ਥਾਂਵਾਂ ਉਤੇ ਚੰਗਾ ਅਧਾਰ ਹੈ ਨੇ ਵੀ ਇਸ ਚੋਣ 'ਚ ਹਿੱਸਾ ਨਹੀਂ ਲਿਆ ਪਰ ਕੁਝ ਥਾਵਾਂ ਖਾਸ ਕਰਕੇ ਦੁਆਬਾ ਖਿੱਤੇ 'ਚ ਇਸ ਵਲੋਂ ਉਮੀਦਵਾਰ ਖੜੇ ਕਰਕੇ ਅਸਿੱਧੇ ਤੌਰ ਤੇ ਉਮੀਦਵਾਰਾਂ ਦੀ ਸਹਾਇਤਾ ਕੀਤੀ ਪਰ ਇਸ ਚੋਣ 'ਚ ਇਹ ਉਮੀਦਵਾਰ ਕੋਈ ਵੱਡੀ-ਛੋਟੀ ਪ੍ਰਾਪਤੀ ਨਹੀਂ ਕਰ ਸਕੇ।

ਸੂਬੇ ਭਰ ਦੇ ਪਿੰਡਾਂ 'ਚ ਇਹਨਾ ਚੋਣਾਂ ਦੀਆਂ ਭਰ ਸਰਗਰਮੀਆਂ ਵੇਖਣ ਨੂੰ ਮਿਲੀਆਂ ਪਰ ਕੁਲ ਵੋਟਾਂ ਦਾ ਦੋ ਤਿਹਾਈ ਹਿੱਸਾ ਵੀ ਪੋਲਿੰਗ ਨਹੀਂ ਹੋ ਸਕੀ, ਪਰ ਇੱਕ ਗੱਲ ਜੋ ਵਿਸ਼ੇਸ਼ ਸੀ, ਉਹ ਇਹ ਕਿ ਲੋਕਾਂ ਨੇ ''ਨੋਟਾ'' ਦਾ ਪ੍ਰਯੋਗ ਇਹਨਾ ਚੋਣਾਂ 'ਚ ਪਹਿਲੀ ਵਾਰ ਕੀਤਾ। ਅਤੇ ਪੰਜਾਬ ਸਰਕਾਰ ਵਲੋਂ ਪਾਸ ਕੀਤੇ ਇਕ ਕਾਨੂੰਨ ਤਹਿਤ ਕੁਲ ਉਮੀਦਵਾਰਾਂ ਵਿਚੋਂ ਅੱ-ਧੀਆਂ ਸੀਟਾਂ ਉਤੇ ਔਰਤ ਉਮੀਦਵਾਰਾਂ ਨੇ ਚੋਣ ਲੜੀ, ਭਾਵੇਂ ਕਿ ਉਹਨਾ ਵਿਚੋਂ ਬਹੁਤੀਆਂ ਸਿੱਧਿਆ ਚੋਣਾਂ ਮੈਦਾਨ 'ਚ ਨਹੀਂ ਸਨ, ਸਗੋਂ ਉਹਨਾ ਦੇ ਪਤੀ, ਭਰਾ, ਪਿਉ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਉਹਨਾ ਦੀ ਚੋਣ ਮੁਹਿੰਮ ਚਲਾਉਂਦੇ ਵੇਖੇ ਗਏ।

ਚੋਣਾਂ 'ਚ ਦਿਲਚਸਪੀ ਵਾਲੀ ਗੱਲ ਇਹ ਰਹੀ ਕਿ ਜਿਥੇ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਗਿਣਤੀ ਉਮੀਦਵਾਰ ਚੋਣਾਂ ਹਾਰ ਗਏ, ਉਥੇ ਅਕਾਲੀ ਦਲ ਦੇ ਬਹੁਚਰਚਿਤ ਨੇਤਾ ਵਿਕਰਮ ਸਿੰਘ ਮਜੀਠੀਆ ਨੇ ਆਪਣੀ ਬਲਾਕ ਸੰਮਤੀ ਦੀਆਂ ਸਾਰੀਆਂ ਸੀਟਾਂ ਅਤੇ ਜ਼ਿਲਾ ਪ੍ਰੀਸ਼ਦ ਦੀਆਂ ਦੋਵੇਂ ਸੀਟਾਂ ਵੀ ਆਪਣੇ ਨਾਮ ਕਰ ਲਈਆਂ। ਅਕਾਲੀ ਦਲ ਅੰਮ੍ਰਿਤਸਰ ਨੂੰ ਦੋ ਸੀਟਾਂ ਬਰਨਾਲਾ ਤੇ ਫਤਿਹਗੜ੍ਹ ਸਾਹਿਬ ਮਿਲੀਆਂ ਹਨ। ਖਮਾਣੋ ਬਲਾਕ 'ਚ ਹਵਾਰਾ ਜੋਨ ਤੋਂ ਮਾਨ ਦਲ ਦੀ ਬੀਬੀ ਕੁਲਵੰਤ ਕੌਰ 1034 ਵੋਟਾਂ ਲੈ ਕੇ ਜਿੱਤੀ, ਕਾਂਗਰਸ ਤੇ ਅਕਾਲੀ ਦਲ ਦੂਸਰੇ ਤੀਸਰੇ ਨੰਬਰ ਤੇ ਰਿਹਾ। ਪਿੰਡ ਹਵਾਰਾ ਜੋ ਇਸ ਜੋਨ 'ਚ ਪੈਂਦਾ ਹੈ, ਜਗਤਾਰ ਸਿੰਘ ਹਵਾਰਾ ਦਾ ਪਿੰਡ ਹੈ, ਜੋ ਬੇਅੰਤ ਸਿੰਘ ਸਾਬਕਾ ਮੁਖਮੰਤਰੀ ਦੀ ਹੱਤਿਆ ਦੇ ਮਾਮਲੇ 'ਚ ਜੇਲ੍ਹ ਕੱਟ ਰਹੇ ਹਨ। ਦੁਆਬਾ ਤੇ ਮਾਲਵਾ ਵਿੱਚ ਖੱਬੇ ਪੱਖੀਆਂ ਨੂੰ ਵੀ ਤਿੰਨ ਸੀਟਾਂ ਮਿਲੀਆਂ ਹਨ। ਕੁਲ ਮਿਲਾਕੇ 107 ਆਜ਼ਾਦ ਉਮੀਦਵਾਰ ਬਲਾਕ ਸੰਮਤੀ 'ਚ ਜੇਤੂ ਰਹੇ ਜਦਕਿ ਜ਼ਿਲਾ ਪ੍ਰੀਸ਼ਦ 'ਚ ਵੀ ਦੋ ਆਜ਼ਾਦ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਭਾਵੇਂ ਕਿ ਸੂਬਾ ਪੰਜਾਬ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਡਿੱਗ ਰਿਹਾ ਧਰਤੀ ਹੇਠਲੇ ਪਾਣੀ ਦਾ ਸੱਤਰ, ਕਿਸਾਨਾਂ ਦੀਆਂ ਖੁਦਕੁਸ਼ੀਆਂ, ਨੌਜਵਾਨਾਂ ਵਲੋਂ ਪੰਜਾਬ ਪ੍ਰਤੀ ਮੋਹ ਭੰਗ ਹੋਣਾ ਤੇ ਵਿਦੇਸ਼ਾਂ ਵੱਲ ਉਡਾਰੀਆਂ, ਭ੍ਰਿਸ਼ਟਾਚਾਰ, ਗੈਂਗਸਟਰਾਂ ਦਾ ਡਰ, ਸੂਬੇ 'ਚ ਲਾਲ ਫੀਤਾਸ਼ਾਹੀ ਦਾ ਆਪਹੁਦਰਾਪਨ ਤੇ ਅਫਸਰਾਂ ਦੀਆਂ ਮਨਮਾਨੀਆਂ, ਬੇਰੁਜ਼ਗਾਰੀ ਖਾਸ ਕਰਕੇ ਪੇਂਡੂ ਖੇਤਰ 'ਚ ਬੇਇੰਤਹਾ ਬੇਰੁਜ਼ਗਾਰੀ, ਭੂ-ਮਾਫੀਏ, ਰੇਤ ਮਾਫੀਏ ਦਾ ਹਰ ਥਾਂ ਬੋਲਬਾਲਾ ਅਤੇ ਸੂਬੇ 'ਚ ਵਿਕਾਸ ਕਾਰਜਾਂ 'ਚ ਖਾਸ ਕਰਕੇ ਪੇਂਡੂ ਖੇਤਰਾਂ 'ਚ ਖੜੋਤ ਜਿਹੇ ਅਨੇਕਾਂ ਮਸਲੇ, ਮੁੱਦੇ ਅਤੇ ਸਮੱਸਿਆਵਾਂ ਸਨ, ਜਿਹਨਾ ਪ੍ਰਤੀ ਵੋਟਰਾਂ ਨਾਲ ਵਿਰੋਧੀ ਧਿਰ ਰਾਬਤਾ ਕਰ ਸਕਦੀ ਸੀ ਅਤੇ ਹੁਣ ਵਾਲੀ ਸਰਕਾਰ ਦੀਆਂ ਨਾਕਾਮੀਆਂ ਦੀ ਚਰਚਾ ਵੋਟਰਾਂ ਦੇ ਵਿਹੜੇ ਹੋ ਸਕਦੀ ਸੀ, ਪਰ ਆਮ ਆਦਮੀ ਪਾਰਟੀ ਆਪਣੀ ਫੁਟ ਕਾਰਨ ਅਤੇ ਸ਼੍ਰੋਮਣੀ ਅਕਾਲੀ ਦਲ ਬੇਅਦਬੀ ਮਾਮਲਿਆਂ ਵਿੱਚ ਬੁਰੀ ਤਰ੍ਹਾਂ ਘਿਰ ਚੁੱਕਿਆ ਹੋਣ ਕਾਰਨ, ਆਪਣੇ ਬਚਾਅ 'ਚ ਹੀਲੇ ਕਰਦਾ ਦਿਸਿਆ, ਕਿਸੇ ਵੀ ਥਾਂ ਹਮਲਾਵਰ ਹੋਕੇ ਸਰਕਾਰ ਉਤੇ ਕੋਈ ਵੱਡਾ ਹਮਲਾ ਨਾ ਕਰ ਸਕਿਆ। ਕਾਂਗਰਸ ਨੇ ਚਾਲ ਚੱਲਦਿਆਂ ਪਹਿਲਾਂ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਵੱਡੇ ਪੱਧਰ 'ਤੇ ਵਾਪਰੀਆਂ ਬੇਅਦਬੀ ਘਟਨਾਵਾਂ ਦੀ ਜਾਂਚ ਲਈ ਕਾਇਮ ਕੀਤੇ ਜਸਟਿਸ (ਸੇਵਾ-ਮੁਕਤ) ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕੀਤੀ, ਜਿਸ 'ਚ ਬਾਦਲਾਂ ਦਾ ਨਾਮ ਬੋਲਦਾ ਸੀ, ਅਤੇ ਫਿਰ ਤੁਰੰਤ ਜ਼ਿਲਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਦਾ ਐਲਾਨ ਕਰ ਦਿੱਤਾ। ਇੰਜ ਕਾਂਗਰਸ ਨੇ ਇਸ ਸੰਵੇਦਨਸ਼ੀਲ ਮੁੱਦੇ 'ਤੇ ਅਕਾਲੀਆਂ ਨੂੰ ਫਿਕਰਾਂ ਵਿੱਚ ਪਾ ਦਿੱਤਾ। ਇਹਨਾ ਚੋਣਾਂ 'ਚ ਕਾਂਗਰਸ ਵਲੋਂ ਇਸ ਮੁੱਦੇ ਨੂੰ ਪੂਰੀ ਤਰ੍ਹਾਂ ਪ੍ਰਚਾਰਿਆ ਤੇ ਸਿੱਟੇ ਵਜੋਂ ਪੇਂਡੂ ਵੋਟਰਾਂ ਦੀ ਬੇਅਦਬੀ ਕਾਰਨ ਅਕਾਲੀ ਦਲ ਤੋਂ ਦੂਰੀ ਹੋਰ ਵੀ ਵਧੀ। ਇੰਜ ਸੂਬੇ ਦੀਆਂ ਸਥਾਨਕ ਚੋਣਾਂ 'ਚ ਹੁਕਮਨਾਮਾਂ ਦਾ ਹੱਥ ਭਾਰੂ ਹੋ ਗਿਆ ਅਤੇ ਉਹ ਬਿਨ੍ਹਾਂ ਕਿਸੇ ਕਰੜੇ ਮੁਕਾਬਲੇ ਦੇ ਜੇਤੂ ਰਹੇ।

ਕੇਂਦਰ ਸਰਕਾਰ, ਸੂਬਾ ਸਰਕਾਰ ਤੋਂ ਬਾਅਦ ਸਥਾਨਕ ਸਰਕਾਰਾਂ (ਜ਼ਿਲਾ ਪ੍ਰੀਸ਼ਦ, ਪੰਚਾਇਤ ਸੰਮਤੀਆਂ, ਪੰਚਾਇਤਾਂ, ਮਿਊਸਪਲ ਕਮੇਟੀਆਂ, ਕੌਂਸਲਾਂ, ਨਿਗਮਾਂ) ਦਾ ਵਿਸ਼ੇਸ਼ ਸਥਾਨ ਹੈ। ਸਥਾਨਕ ਸਵੈਸ਼ਾਸ਼ਨ ਨੂੰ ਲੋਕਤੰਤਰ ਦੀ ਨੀਂਹ ਵੀ ਕਿਹਾ ਜਾਂਦਾ ਹੈ। ਲੋਕਤੰਤਰੀ ਪ੍ਰਣਾਲੀ ਵਿੱਚ ਨਾਗਰਿਕਾਂ ਦਾ ਸਹਿਯੋਗ ਲੈਣਾ ਜ਼ਰੂਰੀ ਸਮਝਿਆ ਜਾਂਦਾ ਹੈ। ਸਾਸ਼ਨ ਵਿੱਚ ਨਾਗਰਿਕਾਂ ਦੀ ਰੁਚੀ ਪੈਦਾ ਕਰਨ ਲਈ ਹੀ ਸਵੈ-ਸਾਸ਼ਨ ਸੰਸਥਾਵਾਂ ਬਣਾਈਆਂ ਗਈਆਂ ਹਨ ਤਾਂ ਕਿ ਸਥਾਨਿਕ ਮਾਮਲਿਆਂ ਨੂੰ ਅਸਾਨੀ ਨਾਲ ਹੱਲ ਕੀਤਾ ਜਾ ਸਕੇ। ਪਰ ਜਦੋਂ ਤੋਂ ਇਹਨਾ ਸੰਸਥਾਵਾਂ ਦਾ ਪੂਰੀ ਤਰ੍ਹਾਂ ਰਾਜਨੀਤੀਕਰਨ ਕਰ ਦਿੱਤਾ ਗਿਆ ਹੈ, ਇਹ ਸੰਸਥਾਵਾਂ ਸਿਆਸੀ ਲੋਕਾਂ ਅਤੇ ਅਫਸਰਸ਼ਾਹੀ ਦਾ ਦੁੰਮ ਛਲਾ ਬਣ ਕੇ ਰਹਿ ਗਈਆਂ ਹਨ। ਕਹਿਣ ਨੂੰ ਤਾਂ ਸਥਾਨਕ ਸਰਕਾਰਾਂ ਦੇ ਨਿਯਮਾਂ 'ਚ ਸੰਵਿਧਾਨ ਦੀ 73 ਵੀਂ ਅਤੇ 74ਵੀਂ ਸੰਵਿਧਾਨਿਕ ਸੋਧ ਕਰਕੇ ਸਥਾਨਕ ਸਾਸ਼ਨ ਦੀਆਂ ਦਿਹਾਤੀ ਤੇ ਸ਼ਹਿਰੀ ਸੰਸਥਾਵਾਂ ਨੂੰ ਸੰਵਿਧਾਨਿਕ ਮਾਨਤਾ ਦਿੱਤੀ ਗਈ ਹੈ ਅਤੇ ਹੋਰ ਵੀ ਜਿਆਦਾ ਪ੍ਰਸ਼ਾਸਕੀ ਤੇ ਵਿਤੀ ਜੁੰਮੇਵਾਰੀ ਦਿੱਤੀ ਗਈ ਅਤੇ ਇਹਨਾ ਨੂੰ 29 ਮਹਿਕਮਿਆਂ ਦਾ ਕੰਮ ਕਾਰ ਵੇਖਣ ਅਤੇ ਚਲਾਉਣ ਦੇ ਅਧਿਕਾਰ ਦਿੱਤੇ ਗਏ ਹਨ, ਪਰ ਅਮਲੀ ਤੌਰ 'ਤੇ ਇਹ ਚੁਣੀਆਂ ਹੋਈਆਂ ਜ਼ਿਲਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਜਾਂ ਪੰਚਾਇਤਾਂ ਦੇ ਹੱਕ ਅਫਸਰਸ਼ਾਹੀ ਜਾਂ ਹਾਕਮ ਧਿਰ ਦੇ ਵਿਧਾਇਕ ਵਰਤਦੇ ਹਨ। ਬਲਾਕ ਸੰਮਤੀਆਂ ਦੇ ਮੈਂਬਰਾਂ ਦੇ ਬਾਰੇ ਤਾਂ ਲੋਕਾਂ ਵਿੱਚ ਇਹ ਆਮ ਧਾਰਨਾ ਬਣ ਚੁੱਕੀ ਹੈ ਕਿ ਇਹਨਾ ਨੂੰ ਅਧਿਕਾਰ ਤਾਂ ਪੰਚਾਇਤ ਮੈਂਬਰ ਸਮਾਨ ਵੀ ਨਹੀਂ ਹਨ। ਉਹਨਾ ਨੇ ਤਾਂ ਵਰ੍ਹੇ ਛਿਮਾਹੀ ਬਲਾਕ ਸੰਮਤੀ ਦੀਆਂ ਮੀਟਿੰਗਾਂ 'ਚ ਹਿੱਸਾ ਲੈਣਾ ਹੁੰਦਾ ਹੈ, ਕਾਰਵਾਈ ਤੇ ਦਸਤਖਤ ਕਰਨੇ ਹੁੰਦੇ ਹਨ ਤੇ ਪੰਜ ਚਾਰ ਸੌ ਮੀਟਿੰਗ ਭੱਤਾ ਲੈਣਾ ਹੁੰਦਾ ਹੈ। ਹੋਰ ਉਸਦੀ ਕੋਈ ਪੁੱਛ ਪ੍ਰਤੀਤ ਹੀ ਨਹੀਂ। ਇਹੋ ਹਾਲ ਜ਼ਿਲਾ ਪ੍ਰੀਸ਼ਦ ਮੈਂਬਰਾਂ ਦਾ ਹੈ, ਜਿਹਨਾ ਕੋਲ ਲਿਖਤ ਵਿੱਚ ਤਾਂ ਵੱਡੇ ਅਧਿਕਾਰ ਹਨ ਪਰ ਅਸਲ ਵਿੱਚ ਉਹਨਾ ਪੱਲੇ ਕੁਝ ਨਹੀਂ। ਜੇਕਰ ਸਥਾਨਕ ਸਰਕਾਰਾਂ ਨੂੰ ਸੰਵਿਧਾਨ 'ਚ ਦਿੱਤੇ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਅਤੇ ਸਥਾਨਕ ਚੁਣੇ ਹੋਏ ਨੁਮਾਇੰਦਿਆਂ ਨੂੰ ਕੰਮ ਕਰਨ ਦਾ ਖੁਲ੍ਹਾ-ਡੁਲ੍ਹਾ ਮੌਕਾ ਮਿਲੇ ਤਾਂ ਪਿੰਡਾਂ, ਸ਼ਹਿਰਾਂ ਦੀ ਕਾਇਆ ਕਲਪ ਹੋ ਸਕਦੀ ਹੈ। ਪਿੰਡਾਂ ਸ਼ਹਿਰਾਂ ਦੇ ਬਹੁਤੇ ਮਸਲੇ ਸਥਾਨਕ ਹਨ ਉਹ ਸਥਾਨਕ ਤੌਰ ਤੇ ਹੱਲ ਹੋ ਸਕਦੇ ਹਨ। ਲੋਕ, ਪਿੰਡਾਂ ਸ਼ਹਿਰਾਂ ਦਾ ਸਾਵਾਂ ਵਿਕਾਸ ਕਰ ਸਕਦੇ ਹਨ। ਜੇਕਰ ਸਿਆਸੀ ਦਖਲ ਅੰਦਾਜੀ ਘੱਟ ਜਾਏ ਤੇ ਪਿੰਡਾਂ ਨੂੰ ਲੋੜਾਂ ਅਨੁਸਾਰ ਗ੍ਰਾਂਟਾਂ ਮਿਲਣ, ਅਫਸਰਸ਼ਾਹੀ ਦਾ ਦਖਲ ਸਿਰਫ ਦੇਖ ਰੇਖ ਜਿਹਾ ਰਹੇ ਤਾਂ ਸਥਾਨਕ ਸਰਕਾਰਾਂ ਦੀ ਕਾਮਯਾਬੀ ਵਧੇਰੇ ਹੋ ਸਕਦੀ ਹੈ। ਹੁਣ ਦੀਆਂ ਚੋਣਾਂ ਤਾਂ ਸਿਆਸੀ ਜ਼ੋਰ-ਅਜ਼ਮਾਇਸ਼ ਦਾ ਸਾਧਨ ਸਨ, ਇਸ ਵਿੱਚੋਂ ਲੱਭਣ ਵਾਲਾ ਤਾਂ ਕੁਝ ਵੀ ਨਹੀਂ ਸੀ, ਹਾਂ ਇਸ ਨਾਲ ਪੇਂਡੂ ਭਾਈਚਾਰੇ 'ਚ ਆਪਸੀ ਕਸ਼ਮਕਸ਼ 'ਚ ਵਾਧਾ ਜ਼ਰੂਰ ਹੋਇਆ ਹੈ ਅਤੇ ਸਿਆਸੀ ਪਾਰਟੀਆਂ ਦਾ ਕਾਟੋ-ਕਲੇਸ਼ ਵਧਿਆ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਆਸ਼ਨਿ ਮਹੀਨੇ ਦੀ ਸੰਗਰਾਂਦ ਬੜੀ ਧੂਮ-ਧਾਮ ਨਾਲ ਮਨਾਈ

**ਯੂਬਾ ਸਿਟੀ**- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 17 ਸਤੰਬਰ ਸ਼ਾਮੀ 6 ਵਜੇ ਤੋਂ 8 ਵਜੇ ਤੱਕ ਆਸ਼ਨਿ ਮਹੀਨੇ ਦੀ ਸੰਗਰਾਂਦ ਬੜੀ ਧੂਮ ਧਾਮ ਨਾਲ ਮਨਾਈ ਗਈ, ਜਿਸ ਵਿਚ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਬਾਰਹਾ ਮਾਹਾ ਮਾਝ ਮਹਲਾ 5 ਬਾਦੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਦੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਸ੍ਰੀਮਾਨ ਗੁਰਬਚਨ ਬੱਧਣ, ਬੀਬੀ ਸੁਖਵਿੰਦਰ ਕੌਰ ਜੀ ਦੇ ਛੋਟ ਬੱਚਿਆਂ ਜੈਦੀਪ ਸਿੰਘ, ਜਸਲੀਨ ਕੌਰ ਨੂੰ ਪਹਿਲੀ ਵਾਰ ਗੁਰੂ ਘਰ





ਆਉਣ ਦੀ ਖੁਸ਼. ਵਿਚ ਪ੍ਰਬੰਧਕ ਕਮੇਟੀ ਵੱਲੋਂ ਸਿ-ਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਮਿਤੀ 30 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਗੁਰੂ ਘਰ ਦੇ ਜਨਰਲ ਸੈਕਟਰੀ ਸ. ਸ਼ਿੰਗਾਰਾ ਸਿੰਘ ਰੱਲ੍ਹ ਜੀ, ਬੀਬੀ ਪੁਸ਼ਪਾ ਰੱਲ੍ਹ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ। ਪਰਿਵਾਰ ਵੱਲੋਂ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

# ਅੰਮ੍ਰਿਤਸਰ-ਦਿੱਲੀ-ਕਲਕੱਤਾ ਉਦਯੋਗਿਕ ਗਲਿਆਰਾ ਖਿਲਾਫ਼ ਚੇਤਨਾ ਮਾਰਚ 1 ਅਕਤੂਬਰ ਤੋਂ

**ਜਲੰਧਰ**- ਜਲੰਧਰ ਵਿਖੇ ਇਕ ਜਾਗਰੂਕ ਮੀਟਿੰਗ ਹੋਈ ਜਿਸ ਵਿਚ ਸਟੇਟ ਕਮੇਟੀ ਮੈਂਬਰ ਗੁਰਦਿਆਲ ਸ਼ੀਤਲ ਸ਼ੇਰਪੁਰ (ਸੰਗਰੂਰ), ਅਮਰੀਕ ਸਿੰਘ ਜਲੰਧਰ, ਬਲਵਿੰਦਰ ਕੁਮਾਰ ਜਲੰਧਰ, ਪਰਸ਼ੋਤਮ ਲਾਲ ਸਰੋਏ ਜਲੰਧਰ, ਸ਼ਮਿੰਦਰ ਸਿੰਘ ਲੌਂਗੋਵਾਲ ਅਤੇ ਅਵਤਾਰ ਸਿੰਘਲੁਧਿਆਣਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਤੋਂ ਬਾਅਦ ਕਰਤਾਰਪੁਰ, ਬਿਆਸ ਅਤੇ ਬਾਬਾ ਬਕਾਲਾ ਸਾਹਿਬ ਦਾ ਦੌਰਾ ਕੀਤਾ। ਉਨਾਂ ਅੰਮ੍ਰਿਤਸਰ-ਦਿੱਲੀ-ਕਲਕੱਤਾ ਉਦਯੋਗਿਕ ਗਲਿਆਰਾ ਖਿਲਾਫ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਚੇਤਨਾ ਮਾਰਚ ਦੀ ਤਿਆਰੀ ਵਜੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ।

ਇਸ ਨਾਲ ਸੰਬੰਧਿਤ ਪਿਛਲੀ ਕੇਂਦਰ ਸਰਕਾਰ ਵੱਲੋਂ ਵੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਇਸ ਉਪਰ ਕੋਈ ਅਮਲ ਹੁੰਦਾ ਦਿਖਾਈ ਨਹੀਂ ਦੇ ਰਿਹਾ। ਇਸ ਉੱਪਰ ਕਾਰਜ ਸ਼ੁਰੂ ਕਰਨ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਅਤੇ ਮੋਦੀ ਸਾਹਿਬ ਦੀ ਬੁਲਟ ਟਰੇਨ ਨੂੰ ਇਸ ਕਾਰਜ ਦਾ ਹਿੱਸਾ ਦੱਸਿਆ ਜਾ ਰਿਹਾ ਹੈ ਅਤੇ ਸਰਕਾਰ ਦਾ ਇਹ ਦਾਅਵਾ ਕਿੰਨਾ ਕੁ



ਸਫ਼ਲ ਸਾਬਤ ਹੁੰਦਾ ਹੈ ਜਾਂ ਫਿਰ ਫੋਕੀ ਤਿਕੜਬਾਜ਼ੀ ਹੀ ਖੇਡੀ ਜਾ ਰਹੀ ਹੈ। ਇਹ ਚੇਤਨਾ ਮਾਰਚ 1 ਅਕਤੂਬਰ ਸਵੇਰੇ 8.00 ਵਜੇ ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਜੰਡਿਆਲਾ ਗੁਰੂ, 2 ਨੂੰ ਬਿਆਸ, 3 ਨੂੰ ਕਰਤਾਰਪੁਰ, 4 ਨੂੰ ਜਲੰਧਰ, 5 ਨੂੰ ਫਿਲੌਰ, 6 ਨੂੰ ਲੁਧਿਆਣਾ-ਸਾਹਨੇਵਾਲ, 7 ਨੂੰ ਸਰਹਿੰਦ, 8 ਅਕਤੂਬਰ ਨੂੰ ਰਾਜਪੁਰਾ ਵਿਖੇ ਸਮਾਪਤ ਹੋਵੇਗਾ।

ਇਸ ਗਲਿਆਲੇ ਵਿਚ 20 ਵੱਡੇ ਸ਼ਹਿਰ ਜਿਵੇਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਅੰਬਾਲਾ, ਸਹਾਰਨਪੁਰ, ਦਿੱਲੀ, ਰੁੜਕੀ, ਮੁਰਾਦਾਬਾਦ, ਬਰੇਲੀ, ਅਲੀਗੜ, ਕਾਨਪੁਰ, ਲਖਨਊ, ਇਲਾਹਾਬਾਦ, ਵਾਰਾਨਸੀ, ਪਟਨਾ, ਹਜਾਰੀਬਾਗ, ਧਨਵਾਦ, ਆਸਨਸੋਲ, ਦੁਰਗਾਪੁਰ ਅਤੇ ਕਲਕੱਤਾ ਵੀ ਲਪੇਟ ਵਿਚ ਆਉਣਗੇ।

ਕੁਦਰਤ ਮਾਨਵ ਕੇਂਦਰਿਤ ਲੋਕ ਲਹਿਰ (ਪੰਜਾਬ) ਦੇ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਤਾਂ ਜੋ ਇਸ ਇੰਡਸਟਰੀਅਲ ਕੌਰੀਡੋਰ ਵਿਰੁੱਧ ਲੋਕ ਲਾਮਬੰਦੀ ਕਰਕੇ ਜ਼ਮੀਨ, ਜੰਗਲ, ਪਾਣੀ, ਵਾਤਾਵਰਨ, ਮਨੁੱਖੀ ਅਤੇ ਜੈਵ ਜੀਵਨ ਬਚਾਇਆ ਜਾ ਸਕੇ।

## 28 ਸਤੰਬਰ ਜਨਮ ਦਿਨ 'ਤੇ ਵਿਸ਼ੇਸ਼

# ਦੇਸ਼ ਦੇ ਲਈ ਆਦਰਸ਼ ਹਨ -ਸ਼ਹੀਦ -ਏ-ਆਜ਼ਮ ਭਗਤ ਸਿੰਘ



ਹਰਪ੍ਰੀਤ ਸਿੰਘ ਬਰਾੜ
CERTIFIED COUNSELOR
ਸਾਬਕਾ ਡੀ ਓ ,174 ਮਿਲਟਰੀ ਹਸਪਤਾਲ
ਮੇਨ ਏਅਰ ਫੋਰਸ ਰੋਡ,ਬਠਿੰਡਾ

ਭਾਰਤ ਦੇ ਪ੍ਰਮੁੱਖ ਸਵਤੰਤਰਤਾ ਸੈਨਾਨੀਆਂ ਅਤੇ ਦੇਸ਼ ਲਈ ਮਰ ਮਿਟਣ ਵਾਲੇ ਸ਼ਹੀਦ ਭਗਤ ਸਿੰਘ ਅੱਜ ਉਨ੍ਹਾਂ ਸਾਰੇ ਨੌਜੁਆਨਾ ਦੇ ਆਰਸ਼ ਹਨ ਜੋ ਦੇਸ਼ ਦੇ ਲਈ ਜਿਉਂਦੇ ਹਨ। ਆਪਣੀ 23 ਸਾਲ ਦੀ ਛੋਟੀ ਉਮਰ 'ਚ ਦੇਸ਼ ਦੇ ਲਈ ਉਨ੍ਹਾਂ ਨੇ ਆਪਣੀ ਜਾਣ ਵਾਰ ਦਿੱਤੀ । ਭਗਤ ਸਿੰਘ ਨੇ ਦੇਸ਼ 'ਤੇ ਕੁਰਬਾਨ ਹੋਣ ਦੇ ਲਈ ਆਪਣੀ ਨਿੱਜੀ ਜਿੰਦਗੀ ਦਾ ਤਿਆਗ ਕਰ ਦਿੱਤਾ ਅਤੇ ਹੱਸਦੇ-ਹੱਸਦੇ ਫਾਂਸੀ 'ਤੇ ਲਟਕ ਗਏ। ਉਨ੍ਹਾਂ ਦਾ ਇਹ ਅਮਰ ਬਲਿਦਾਨ ਦੇਸ਼ 'ਚ ਆਜਾਦੀ ਦੇ ਲਈ ਇੱਕ ਬਹੁਤ ਵੱਡੀ ਚਿੰਗਾਰੀ ਪੈਦਾ ਕਰ ਗਿਆ ਜਿਸਦਾ ਨਤੀਜਾ 15 ਅਗਸਤ 1947 ਨੂੰ ਦੇਸ਼ ਦਾ ਆਜਾਦ ਹੋਣਾ ਹੈ।ਭਾਰਤ ਦੇ ਮਹਾਨ ਅਮਰ ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ ਸਨ 1907 ਨੂੰ ਲਾਇਲਪੁਰ ਜਿਲ੍ਹੇ ਦੇ ਪਿੰਡ ਬੰਗਾ 'ਚ ਇਕ ਸਿੱਖ ਪਰਿਵਾਰ 'ਚ ਹੋਇਆ।ਇਹਨਾਂ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਆਪਣੇ ਚਾਰ ਭਰਾਵਾਂ ਸਮੇਤ ਸੈਂਟਰਲ ਜੇਲ 'ਚ ਸਨ।ਮਾਂ ਵਿਦਿਆਵਤੀ ਦੀ ਧਾਰਮਿਕ ਭਾਵਨਾ ਦਾ ਭਗਤ ਸਿੰਘ 'ਤੇ ਕਾਫੀ ਪ੍ਰਭਾਵ ਸੀ। ਇਹਨਾਂ ਦੇ ਪਰਿਵਾਰ 'ਚ ਦੇਸ਼ ਭਗਤੀ ਦੀ ਭਾਵਨਾ ਕੁੱਟ -ਕੁੱਟ ਕੇ ਭਰੀ ਹੋਈ ਸੀ। 13 ਅਪ੍ਰੈਲ ਸਨ 1919 ਨੂੰ ਅਮ੍ਰਿਤਸਰ 'ਚ ਹੋਈ ਜੱਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਭਗਤ ਸਿੰਘ 'ਤੇ ਬਹੁਤ ਡੂੰਘਾ ਅਸਰ ਪਿਆ ਅਤੇ ਇਹਨਾਂ ਦੀ ਸੋਚ ਵਿੱਚ ਬੜਾ ਬਦਲਾਅ ਆਇਆ। ਇਸ ਘਟਨਾ ਦੇ ਸਮੇਂ ਭਗਤ ਸਿੰਘ ਸਿਰਫ 12 ਸਾਲ ਦੇ ਸਨ। ਉਹ ਆਪਣੇ ਘਰ ਵਿੱਚ ਕ੍ਰਾਂਤੀਕਾਰੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ।ਉਨ੍ਹੀਂ ਦਿਨੀਂ ਭਾਰਤ 'ਚ 2 ਮੁੱਖ ਵਿਚਾਰਾਂ ਦਾ ਬੋਲਬਾਲਾ ਸੀ। ਇੱਕ ਮਹਾਤਮਾ ਗਾਂਧੀ ਜੀ ਦੇ ਜੋ ਕਿ ਅਹਿੰਸਾ ਵਾਲੇ ਵਿਚਾਰ ਸਨ ਅਤੇ ਦੂਜੇ ਕ੍ਰਾਂਤੀਕਾਰੀਆਂ ਵਾਲੀ ਹਿੰਸਾਤਮਕ ਸੋਚ ਸੀ। ਉਦੋਂ ਭਗਤ ਸਿੰਘ ਇਸ ਸੋਚ ਵਿਚਾਰ 'ਚ ਪੈ ਗਏ ਕਿ ਆਖਿਰ ਉਨ੍ਹਾਂ ਨੇ ਕਿਹੜਾ ਰਸਤਾ ਚੁਣਨਾ ਹੈ-ਅਹਿੰਸਾ ਜਾਂ ਕ੍ਰਾਤੀਕਾਰੀ ਵਿਚਾਰਧਾਰਾ। ਆਖਿਰ 'ਚ ਉਨ੍ਹਾਂ ਨੇ ਹੋਰ ਨੌਜੁਆਨਾ ਦੇ ਵਾਗ ਆਜਾਦੀ ਦੇ ਲਈ ਕ੍ਰਾਂਤੀ ਦਾ ਰਾਹ ਅਪਣਾਇਆ। ਨੈਸ਼ਨਲ ਕਾਲਜ ਲਾਹੌਰ 'ਚ ਇਹ ਸੁਖਦੇਵ ਅਤੇ ਯਸ਼ਪਾਲ ਨਾਲ ਮਿਲੇ। ਤਿੰਨੋ ਦੋਸਤ ਕ੍ਰਾਂਤੀ ਕਾਰੀ ਗਤੀਵਿਧੀਆਂ 'ਚ ਭਾਗ ਲੈਣ ਲੱਗ ਗਏ। ਸਨ 1926 'ਚ ਲਾਹੌਰ 'ਚ ਉਨ੍ਹਾਂ ਨੇ ਨੌਜੁਆਨ ਸਭਾ ਦਾ ਗਠਨ ਕੀਤਾ। ਜਿਸਦਾ ਮਕਸਦ ਦੇਸ਼ਭਗਤੀ ਦੀ ਭਾਵਨਾ ਪੈਦਾ ਕਰਨਾ,ਦੇਸ਼ ਨੂੰ ਆਜਾਦ ਕਰਨਾ,ਆਰਥਕ ਸਮਾਜਿਕ ਅਤੇ ਓਦਯੋਗਿਕ ਅੰਦੋਲਨਾਂ ਨੂੰ ਸਹਯੋਗ ਦੇਣਾ, ਕਿਸਾਨ ਅਤੇ ਮਜਦੂਰਾਂ ਨੂੰ ਸੰਗਠਿਤ ਕਰਨਾ ਸੀ। ਨੈਸ਼ਨਲ ਕਾਲੇਜ਼ ਦੀ ਪੜ੍ਹਾਈ ਅਧੂਰੀ ਛੱਡ ਕੇ ਭਗਤ ਸਿੰਘ ਕ੍ਰਾਂਤੀਕਾਰੀ ਗਤੀਵਿਧੀਆਂ 'ਚ ਭਾਗ ਲੈਣ ਲੱਗ ਗਏ ਅਤੇ ਕਈ ਕ੍ਰਾਂਤੀਕਾਰੀ ਦਲਾਂ ਦੇ ਮੈਂਬਰ ਵੀ ਬਣੇ। ਇਸੇ ਦੌਰਾਨ ਇਹ ਕਾਨਪੁਰ 'ਚ ਕ੍ਰਾਂਤੀਕਾਰੀ ਅਤੇ ਦੇਸ਼ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਨਾਲ ਮਿਲੇ ਅਤੇ ਉਨ੍ਹਾਂ ਦੇ ਨਾਲ ਮਿਲ ਕੇ ਕ੍ਰਾਂਤੀਕਾਰੀ ਗਤੀਵਿਧੀਆਂ ਚਲਾਉਣ ਲੱਗੇ। ਇਹਨਾਂ ਨੂੰ ਕਰਤਾਰ ਸਿੰਘ ਸਰਾਭਾ ਨੇ ਵੀਰ ਸਾਵਰਕਰ ਦੀ ਕਿਤਾਬ (1857 ਦੀ ਪਹਿਲੀ ਆਜਾਦੀ ਦੀ ਲੜਾਈ) ਪੜ੍ਹਨ ਨੂੰ ਦਿੱਤੀ, ਜਿਸ ਨਾਲ ਭਗਤ ਸਿੰਘ ਕਾਫੀ ਪ੍ਰਭਾਵਿਤ ਹੋਏ। ਇਸ ਤੋਂ ਬਾਅਦ ਭਗਤ ਸਿੰਘ ਸਨ 1924 'ਚ ਯੇਰਵੜਾ ਜੇਲ 'ਚ ਵੀਰ ਸਾਵਰਕਰ ਨਾਲ ਮਿਲਣ ਤੋਂ ਬਾਅਦ ਭਗਤ ਸਿੰਘ ਦੀ ਆਜਾਦੀ ਦੀ ਸੋਚ 'ਚ ਕਾਫੀ ਪਰਿਵਰਤਨ ਆ ਗਿਆ। ਸਾਵਰਕਰ ਨੇ ਭਗਤ ਸਿੰਘ ਦੀ ਮੁਲਾਕਾਤ ਚੰਦਰਸ਼ੇਖਰ ਆਜਾਦ ਨਾਲ ਕਰਵਾਈ ਅਤੇ ਉਹ ਉਨ੍ਹਾਂ ਦੇ ਦਲ 'ਚ ਸ਼ਾਮਲ ਹੋ ਗਏ। ਭਗਤ ਸਿੰਘ ਨੂੰ ਲਾਹੌਰ 'ਚ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਦਾ ਮੰਤਰੀ ਬਣਾਇਆ ਗਿਆ। ਇਸ ਤੋਂ ਬਾਅਦ ਕਾਕੋਰੀ ਕਾਂਡ 'ਚ ਜਦੋਂ ਰਾਮ ਪ੍ਰਸਾਦ ਬਿਸਮਿਲ ਅਤੇ ਹੋਰ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਦਿੱਤੀ ਗਈ ਤਾਂ ਭਗਤ ਸਿੰਘ ਤੋਂ ਇਹ ਬਰਦਾਸ਼ਤ ਨਹੀਂ ਹੋ ਪਾਇਆ ਅਤੇ ਉਹਨਾਂ ਨੇ ਆਪਣੀ ਨੌਜੁਆਨ ਪਾਰਟੀ ਨੂੰ ਹਿੰਦੂਸਤਾਨ ਰਿਪਬਲਿਕਨ ਐਸੋਸ਼ੀਏਸ਼ਨ 'ਚ ਸ਼ਾਮਲ ਕਰ ਦਿੱਤਾ। ਭਗਤ ਸਿੰਘ ਜਦੋਂ ਬੀ 'ਚ ਪੜ੍ਹ ਰਹੇ ਸਨ ਤਾਂ ਉਨ੍ਹਾਂ ਦੇ ਪਿਤਾ ਨੇ ਭਗਤ ਸਿੰਘ ਦਾ ਵਿਆਹ ਕਰਨ ਦੀ ਸੋਚੀ। ਭਗਤ ਸਿੰਘ ਨੇ ਦੱਸਿਆ ਕਿ ਉਸਨੇ ਤਨ, ਮਨ ਅਤੇ ਧਨ ਨਾਲ ਦੇਸ਼ ਦੀ ਸੇਵਾ ਕਰਨ ਦੀ ਸੌਂਹ ਖਾ ਰੱਖੀ ਹੈ ਅਤੇ ਉਹ ਇਸ ਲੜਕੀ ਦੀ ਜਿੰਦਗੀ ਬਰਬਾਦ ਨਹੀਂ ਕਰਨਾ ਚਾਹੁੰਦਾ। ਇਸੇ ਕਾਰਨ ਭਗਤ ਸਿੰਘ ਨੇ ਵਿਆਹ ਕਰਨ ਤੋਂ ਮਨ੍ਹਾਂ ਕਰ ਦਿੱਤਾ ।



ਸਨ 1928 'ਚ ਜਦੋਂ ਸਾਈਮਨ ਕਮੀਸ਼ਨ ਭਾਰਤ ਆਇਆ ਤਾਂ ਉਸਦਾ ਪੂਰੇ ਦੇਸ਼ 'ਚ ਬਹੁਤ ਵਿਰੋਧ ਹੋਇਆ। ਕਮੀਸ਼ਨ ਦੇ ਬਹਿਸ਼ਕਾਰ ਦੀ ਯੋਜਨਾ ਬਣਾਈ ਗਈ। ਅੰਗਰੇਜਾਂ ਨੇ ਪ੍ਰਦਰਸ਼ਨ ਕਰਨ ਵਾਲਿਆਂ 'ਤੇ ਲਾਠੀ ਚਾਰਜ ਕੀਤਾ ਜਿਸ ਵਿੱਚ ਲਾਲਾ ਲਾਜਪਤ ਰਾਏ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਬਾਅਦ 'ਚ ਉਨ੍ਹਾਂ ਦੀ ਮੌਤ ਹੋ ਗਈ।

ਇਸ ਘਟਨਾ ਤੋਂ ਬਾਅਦ ਭਗਤ ਸਿੰਘ ਨੂੰ ਕਾਡੀ ਝਟਕਾ ਲੱਗਿਆ। ਜਿਸ ਕਾਰਨ ਭਗਤ ਸਿੰਘ ਨੇ ਪੁਲਿਸ ਕਮੀਸ਼ਨਰ ਸਾਂਡਰਸ ਦੀ ਹੱਤਿਆ ਦੀ ਯੋਜਨਾ ਬਣਾਈ। ਫਿਰ ਰਾਜਗੁਰੂ, ਜੈ ਗੋਪਾਲ ਅਤੇ ਆਜਾਦ ਦੇ ਨਾਲ ਮਿਲ ਕੇ ਭਗਤ ਸਿੰਘ ਨੇ ਲਾਹੌਰ ਕੋਤਵਾਲੀ ਦੇ ਸਾਹਮਣੇ ਪੁਲਿਸ ਕਮੀਸ਼ਨਰ ਸਾਂਡਰਸ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਲਾਹੌਰ ਤੋਂ ਬਾਹਰ ਨਿੱਕਲ ਗਏ। ਭਗਤ ਸਿੰਘ ਨੂੰ ਪੂੰਜੀਪਤੀਆਂ ਵੱਲੋਂ ਮਜਦੂਰਾਂ ਦਾ ਸੋਸ਼ਣ ਕਰਨਾ ਪਸੰਦ ਨਹੀਂ ਸੀ । ਇਸ ਲਈ ਉਹ ਕੁਝ ਅਜਿਹਾ ਕਰਨਾ ਚਾਹੁੰਦਾ ਸੀ ਕਿ ਜਿਸ ਨਾਲ ਭਾਰਤਵਾਸੀਆਂ ਦੀਆਂ ਅੱਖਾਂ ਖੁਲ੍ਹਣ ਅਤੇ ਅੰਗੇਜ਼ੀ ਹਕੂਮਤ 'ਚ ਥੋੜ੍ਹਾਂ ਡਰ ਪੈਦਾ ਹੋਵੇ। ਇਸ ਕਾਰਨ ਭਗਤ ਸਿੰਘ ਨੇ ਦਿੱਲੀ ਦੀ ਕੇਂਦਰੀ ਅਸੈਬਲੀ 'ਚ ਬੰਮ ਸੁਟੱਣ ਦੀ ਯੋਜਨਾ ਬਣਾਈ। ਇਸ ਯੋਜਨਾ 'ਚ ਇਹ ਗੱਲ ਸ਼ਾਮਲ ਸੀ ਕਿ ਇਹ ਬੰਬ ਅਜਿਹੀ ਥਾਂ 'ਤੇ ਸੁੱਟਿਆ ਜਾਵੇਗਾ, ਜਿੱਥੇ ਉਸ ਸਮੇਂ ਕੋਈ ਮੌਜੂਦ ਨਾ ਹੋਵੇ ਅਤੇ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ। ਉਸ ਤੋਂ ਬਾਅਦ ਜੇਕਰ ਗ੍ਰਿਫਤਾਰੀ ਦਿੱਤੀ ਜਾਵੇਗੀ ਜਿਸ ਨਾਲ ਅੰਗੇਜਾਂ ਨੂੰ ਭਾਰਤੀਆਂ 'ਚ ਰੋਸ ਦਾ ਅਹਿਸਾਸ ਹੋਵੇਗਾ। ਯੋਜਨਾ ਦੇ ਤਹਿਤ ਇਸ ਕੰਮ ਦੇ ਲਈ ਸਾਰਿਆਂ ਦੀ ਸਹਿਮਤੀ ਨਾਲ ਪਾਰਟੀ ਵੱਲੋਂ ਭਗਤ ਸਿੰਘ ਅਤੇ ਬਟੂਕੇਸ਼ਵਰ ਦੱਤ ਦਾ ਨਾਂਅ ਚੁਣਿਆ ਗਿਆ ਅਤੇ ਨਿਰਾਧਾਤ ਦਿਨ ਦੇ ਮੁਤਾਬਕ 8 ਅਪੈਲ ਸਨ 1929 'ਚ ਭਗਤ ਸਿੰਘ ਅਤੇ ਬਟੂਕੇਸ਼ਵਰ ਨੇ ਅਸੈਂਬਲੀ 'ਚ ਬੰਬ ਸੁੱਟਿਆ ਗਿਆ ਅਤੇ ਇਸ ਤੋਂ ਬਾਅਦ ਹੱਥਾਂ 'ਚ ਲਿਆਏ ਗਏ ਪਰਚਿਆਂ ਨੂੰ ਹਵਾ 'ਚ ਸੁੱਟ ਕੇ ਨਾਅਰੇ ਲਗਾਉਣ ਲੱਗੇ । ਉਹਨਾਂ ਦੇ ਨਾਅਰੇ ਸਨ- ਇੰਕਲਾਬ ਜਿੰਦਾਬਾਦ, ਸਮਰਾਜਵਾਦ ਮੁਰਦਾਬਾਦ। ਜਿੱਥੇ ਉਥੇ ਪੁਲਿਸ ਆਈ ਤਾਂ ਉਹਨਾਂ ਨੇ ਆਪਣੀ ਗ੍ਰਿਫਤਾਰੀ ਦੇ ਦਿੱਤੀ। ਉਨ੍ਹਾਂ ਨੂੰ ਪੁਲਿਸ ਵੱਲੋਂ ਲਾਹੌਰ ਸੈਂਟਰਲ ਜੇਲ 'ਚ ਰੱਖਿਆ ਗਿਆ।

7 ਅਕਤੂਬਰ ਸਨ 1930 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜਾ ਸੁਣਾਈ ਗਈ ਅਤੇ ਆਪਣੀ ਫਾਂਸੀ ਤੋਂ ਪਹਿਲਾਂ 3 ਮਾਰਚ ਨੂੰ ਆਪਣੇ ਭਰਾ ਕੁਲਤਾਰ ਨੂੰ ਭੇਜੀ ਇਕ ਚਿੱਠੀ 'ਚ ਇਹ ਲਿਖਿਆ ਸੀ -

ਉਨ੍ਹਾਂ ਨੂੰ ਇਹ ਫਿਕਰ ਹੈ ਹਰਦਮ, ਨਵੀਂ ਤਰਜ -ਏ-ਜਫ਼ਾ ਕੀ ਹੈ ?
ਸਾਨੂੰ ਇਹ ਸ਼ੌਂਕ ਹੈ ਦੇਖੋ, ਸਿਤਮ ਦੀ ਇੰਤੇਹਾ ਕੀ ਹੈ ?
ਣਹਿਰ ਤੋਂ ਕਿਊ ਖਫਾ ਰਹੀਏ, ਚਰਖ ਦਾ ਕੀ ਗਿਲਾ ਕਰੀਏ ?
ਸਾਰਾ ਜਹਾਨ ਅਦੂ ਸਹੀ, ਆਓ ਮੁਕਾਬਲਾ ਕਰੀਏ।

ਭਗਤ ਸਿੰਘ, ਰਾਜਗੁਰੁ ਅਤੇ ਸੁਖਦੇਵ ਤਿੰਨਾਂ ਕ੍ਰਾਤੀਕਾਰੀਆਂ ਨੂੰ 23 ਮਾਰਚ ਸਨ 1931 ਨੂੰ ਫਾਂਸੀ ਦੇ ਦਿੱਤੀ ਗਈ । ਫਾਂਸੀ ਤੋਂ ਪਹਿਲਾਂ ਤਿੰਨਾਂ ਕ੍ਰਾਂਤੀਕਾਰੀ ਆਪਸ 'ਚ ਮਿਲੇ ਅਤੇ ਹੱਸਦੇ -ਹੱਸਦੇ ਫਾਂਸੀ 'ਤੇ ਲਟਕ ਗਏ। ਫਾਂਸੀ 'ਤੇ ਜਾਂਦੇ ਸਮੇਂ ਉਹ ਤਿੰਨੇ ਕ੍ਰਾਂਤੀਕਾਰੀ ਇਹ ਪੰਕਤੀਆਂ ਗੁਣਗੁਣਾ ਰਹੇ ਸਨ।

ਮੇਰਾ ਰੰਗ ਦੇ ਬਸੰਤੀ ਚੋਲਾ, ਮੇਰਾ ਰੰਗ ਦੇ
ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ।

ਅੱਜ ਵੀ ਦੇਸ਼ ਦੀ ਜਨਤਾ ਉਨ੍ਹਾ ਮਹਾਨ ਕ੍ਰਾਂਤੀਕਾਰੀ ਭਗਤ ਸਿੰਘ ਨੂੰ ਯਾਦ ਕਰਦੀ ਹੈ ਜਿਹਨਾਂ ਨੇ ਆਪਣੀ ਜਿੰਦਗੀ ਅਤੇ ਜਵਾਨੀ ਭਾਰਤ ਮਾ ਦੇ ਲਈ ਕੁਰਬਾਨ ਕਰ ਦਿੱਤੀ। ਅਜਿਹੇ ਮਹਾਨ ਰਾਸ਼ਟਰ ਭਗਤ ਨੂੰ ਮੇਰਾ ਲੱਖ -ਲੱਖ ਵਾਰ ਸਲਾਮ ਹੈ।

# ਅੰਬੇਕਰਾਈਟ ਲੀਗਲ ਫੋਰਮ ਜਲੰਧਰ ਵੱਲੋਂ ਪੂਨਾ ਪੈਕਟ ਸਬੰਧੀ ਸੈਮੀਨਾਰ ਆਯੋਜਿਤ ਕੀਤਾ


















**ਜਲੰਧਰ (ਨਵੀਨ ਮਹਿੰਮੀ)** ਬੀਤੀ 24 ਸਤੰਬਰ ਨੂੰ ਅੰਬੇਡਕਰਾਈਟ ਲੀਗਲ ਫੋਰਮ, ਜਲੰਧਰ (Ambedkrite Legal Forum, Jalandhar) ਵੱਲੋਂ ਪੂਨਾ ਪੈਕਟ 1932 ਦੇ ਮੌਕੇ ਤੇ ਇੱਕ ਸੈਮੀਨਾਰ ਦਾ ਆਯੋਜਨ, ਸੀ.ਪੀ.ਆਈ.ਹਾਲ, ਲੰਧਰ ਵਿਖੇ ਕੀਤਾ ਗਿਆ। ਜਿਸ ਦਾ ਵਿਸ਼ਾ Poona Pact 1932 ਰਾਹੀ ਦਲਿਤ ਸਮਾਜ ਨੂੰ ਜੋ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹੱਕ ਮਿਲੇ ਸਨ ਅਤੇ ਉਸਦਾ ਅੱਜ ਦੇ ਦੌਰ ਤੇ ਦਲਿਤ ਸਮਾਜ ਦੀ ਤਰੱਕੀ ਵਿੱਚ ਇਸ ਦੇ ਕੀ ਫਾਇਦੇ ਹੋਏ, ਓਸ ਬਾਰੇ ਚਰਚਾ ਕੀਤੀ ਗਈ। ਇਸ ਵਿਚੱ ਮੁਖੱ ਬੁਲਾਰੇ ਐਡਵੋਕੇਟ ਸ਼੍ਰੀ ਮੋਹਨ ਲਾਲ ਫਿਲੌਰੀਆ ਅਤੇ ਐਡਵੋਕੇਟ ਸ਼੍ਰੀ ਹਰਭਜਨ ਸਾਂਪਲਾ ਜੀ ਨੇ ਆਪਣੇ ਬਹੁਮੁੱਲੇ ਵਿਚਾਰ ਪ੍ਰਗਟ ਕੀਤੇ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਮਿਸ਼ਨ ਬਾਰੇ ਵਿਸਥਾਰ ਨਾਲ ਸਰੋਤਿਆ ਨੂੰ ਜਾਣੂੰ ਕਰਵਾਇਆ। ਐਡਵੋਕੇਟ ਸ਼੍ਰੀ ਮੋਹਨ ਲਾਲ ਫਿਲੌਰੀਆ ਜੀ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਅਣਥਕ ਸੰਘਰਸ਼ ਸਦਕਾ ਦਲਿਤਾ ਅਤੇ ਪਿਛੜੇ ਵਰਗਾਂ ਨੂੰ ਕਾਨੂਨੀ ਅਧਿਕਾਰ ਮਿਲੇ ਜਿਸ ਕਰਕੇ ਓਹ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਜਾਦੀ ਦਾ ਆਨੰਦ ਮਾਣ ਰਹੇ ਹਨ। ਐਡਵੋਕੇਟ ਸ਼੍ਰੀ ਹਰਭਜਨ ਸਾਂਪਲਾ ਨੇ ਕਿਹਾ ਕਿ ਪੂਨਾ ਪੈਕਟ ਨੇ ਮੁਖ ਤੋਰ ਤੇ ਦਬੇ ਕੁਚਲੇ ਅਤੇ ਸ਼ੋਸ਼ਿਤ ਸਮਾਜ ਲਈ ਖੁਸ਼ਹਾਲੀ ਭਰਿਆ ਜੀਵਨ ਵਤੀਤ ਕਰਨ ਦਾ ਮਾਰਗ ਦਰਸ਼ਨ ਕੀਤਾ। ਇਸ ਸੈਮੀਨਾਰ ਦੀ ਪ੍ਰਧਾਨਗੀ ਐਡਵੋਕੇਟ ਸ਼੍ਰੀ ਨਈਮ ਖਾਨ ਜੀ ਨੇ ਕੀਤੀ। ਇਸ ਸੈਮੀਨਾਰ ਵਿਚ ਮੰਚ ਸੰਚਾਲਨ ਦੀ ਸੇਵਾ ਐਡਵੋਕੇਟ ਰਾਜੂ ਅੰਬੇਡਕਰ ਅਤੇ ਐਡਵੋਕੇਟ ਕਰਨ ਖੁਲੱਰ ਨੇ ਬਾਖੂਬੀ ਨਿਭਾਈ । ਇਸ ਸੈਮੀਨਾਰ ਨੂੰ ਕਾਮਯਾਬ ਬਣਾਉਣ ਲਈ ਬਹੁਤ ਸਾਰੇ ਵਕੀਲ ਸਾਹਿਬਾਨਾ ਨੇ ਅਣਥਕ ਮਿਹਨਤ ਕੀਤੀ, ਜਿਹਨਾਂ ਵਿੱਚ Raju Ambedkar, Rajinder Boparai, Madhu Rachna, Karan Khullar, Sanjay Jangra, Raj Kumar Bains, Naeem Khan, Rajinder Aazad, Raman, Buta Ram,Sandeep Paul, Ram Pal, Shanu Sahota, T.S.Baddhan ਮੋਜੂਦ ਸਨ । ਇਹਨਾ ਤੋ ਇਲਾਵਾ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰ ਸਾਹਿਬਾਨ ਵੀ ਹਾਜਿਰ ਹੋਏ । ਜਿਹਨਾਂ ਵਿੱਚ ਸ਼੍ਰੀ ਚਮਨ ਦਾਸ ਸਾਂਪਲਾ (ਰਿਟਾਇਰਡ ਲੈਕਚਰਾਰ) ਸ਼੍ਰੀ ਵਰਿੰਦਰ ਕੁਮਾਰ, ਸਕੱਤਰ ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ.) ਪੰਜਾਬ, ਸ਼੍ਰੀ ਬਲਦੇਵ ਰਾਜ ਭਾਰਦਵਾਜ, ਸਕੱਤਰ ਆਲ ਇੰਡੀਆ ਸਮਤਾ ਸੈਨਿਕ ਦਲ, ਪੰਜਾਬ, ਪ੍ਰਿੰਸੀਪਲ ਪਰਮਜੀਤ ਜੱਸਲ, ਅਸ਼ਵਨੀ ਕੁਮਾਰ (ਬਾਮਸੇਫ), ਤਰਸੇਮ ਸਿੰਘ, ਸ਼੍ਰੀ ਸ਼ਾਮ ਲਾਲ ਜੱਸਲ (ਵਿੱਤ ਸਕੱਤਰ) ਪੰਜਾਬ ਬੁਧਿਸਟ ਸੋਸਾਇਟੀ (ਰਜਿ) ਪੰਜਾਬ, ਪ੍ਰੇਮ ਕੁਮਾਰ ਚੁੰਬਰ (USA), ਸ਼੍ਰੀ ਮਦਨ ਸਿੰਘ ਅਤੇ ਹੋਰ ਬਹੁਤ ਸਾਰੇ ਮੋਹਤਬਾਰ ਵਿਅਕਤੀ ਵਿਸ਼ੇਸ਼ ਤੋਰ ਤੇ ਹਾਜਿਰ ਸਨ।

ਇਸ ਵਿਸ਼ੇਸ਼ ਮੌਕੇ ਪੂਨਾ ਪੈਕਟ ਤੋਂ ਕੁਝ ਹਟ ਕੇ ਪਰ ਇਸੇ ਹੀ ਸੰਦਰਭ 'ਚ ਕੁਝ ਵਿਸ਼ੇਸ਼ ਗੱਲਾਂ ਦਾ ਜ਼ਿਕਰ ਵੀ ਹੋਇਆ, ਜਿਹਨਾਂ ਵਿਚ ਸ੍ਰੀ ਅਸ਼ਵਨੀ ਕੁਮਾਰ ਬਲਾਚੌਰ ਅਤੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨਾਂ ਵਰਣਨਯੋਗ ਹਨ। ਨਾਮਵਰ ਸ਼ਖਸੀਅਤਾਂ ਲੇਖਕ/ਚਿੰਤਕ ਸ੍ਰੀ ਬਲਾਚੌਰ ਜਿਹਨਾਂ ਆਪਣੀ ਵਿਸ਼ੇਸ਼ ਤੇ ਵਿਸ਼ਾਲ ਲੇਖਣੀ ਕਰਕੇ ਜੋ ਮਾਨਸਿਕ ਕਸ਼ਟ ਸਹਿਣੇ ਪਏ, ਦਾ ਉਹਨਾਂ ਵਰਣਨ ਕੀਤਾ, ਸਾਹਿਬ ਕਾਂਸ਼ੀ ਰਾਮ ਜੀ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕੀਤਾ ਤੇ ਜੋਤੀਬਾ ਫੂਲੇ ਦੀ ਗੁਲਾਮਗਿਰੀ ਵਿਸ਼ੇਸ਼ ਕਿਤਾਬ ਦਾ ਪੰਜਾਬੀ 'ਚ ਉਲੱਥਾ ਕਰਨਾ ਤੇ ਛਾਪਣਾ ਤੇ ਡਾ. ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਦੇ ਸਿੱਟਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਸ੍ਰੀ ਅਸ਼ਵਨੀ ਕੁਮਾਰ ਬਲਾਚੌਰ ਵੱਲੋਂ ਨਾਮੀ ਕਿਤਾਬ 'ਗੁਲਾਮਗਿਰੀ' ਦਾ ਪੰਜਾਬੀ ਅਨੁਵਾਦ ਕਰਨ ਉਪਰੰਤ ਜੋ ਉਹਨਾਂ ਨੂੰ ਗੈਰ ਦਲਿਤ ਵਰਗ ਖਾਸ ਕਰਕੇ ਮਨੂੰਵਾਦੀ ਵਿਚਾਰ ਧਾਰਨੀ ਲੋਕਾਂ ਵੱਲੋਂ ਮਾਨਸਿਕ ਤਸੀਹੇ ਮਿਲੇ, ਸਰੋਤਿਆਂ ਦੇ ਦਿਲਾਂ ਨੂੰ ਧੂਹ ਪਾਉਣ ਵਾਲੇ ਸਨ, ਜ਼ਰੂਰਤ ਹੈ ਅਜਿਹੇ ਨਾਮੀ ਸ਼ਖਸੀਅਤਾਂ ਦਾ ਧਿਆਨ ਤੇ ਮਾਣ-ਸਨਮਾਨ ਕਰਨ ਦੀ।

ਅਮਰੀਕਾ ਤੋਂ ਆਏ ਤੇ ਵਿਸ਼ੇਸ਼ ਬੁਲਾਵੇ ਤੇ ਪਹੁੰਚੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਆਪਣੇ ਦੋ ਸ਼ਬਦ ਰੱਖਣ ਤੋਂ ਪਹਿਲਾਂ ਕਿਹਾ ਕਿ ਪੂਨਾ ਪੈਕਟ ਦਿਵਸ ਤੇ ਜੋ ਅੰਬੇਡਕਰਾਈਟ ਲੀਗਲ ਫੋਰਮ ਵੱਲੋਂ ਉਪਰਾਲਾ ਕੀਤਾ ਗਿਆ, ਸਲਾਹੁਣਯੋਗ ਹੈ। ਇਹਨਾਂ ਤੋਂ ਚੰਗੀ ਸੇਵਾ ਦੇ ਨਾਲ ਨਾਲ ਸਮਾਜ ਦੀ ਕਾਨੂੰਨੀ ਸੁਰੱਖਿਆ ਦੀ ਵੀ ਉਮੀਦ ਕੀਤੀ ਜਾ ਸਕਦੀ ਹੈ। ਉਹਨਾਂ ਕਿਹਾ ਕਿ ਮੈਂ ਪੂਨਾ ਪੈਕਟ ਬਾਰੇ ਕੁਝ ਨਹੀਂ ਕਹਾਂਗਾ ਕਿਉਂਕਿ ਪਹਿਲਾਂ ਹੀ ਬਹੁਤ ਕੁਝ ਕਿਹਾ ਜਾ ਚੁੱਕਾ ਹੈ, ਜਿਹਨਾਂ ਵਿਚ ਐਡਵੋਕੇਟ ਮੋਹਨ ਲਾਲ ਫਲੌਰੀਆ ਤੇ ਐਡਵੋਕੇਟ ਹਰਭਜਨ ਸਾਂਪਲਾ ਜੀ ਆਦਿ ਨੇ ਵਿਸਥਾਰ ਨਾਲ ਵਿਚਾਰ ਰੱਖੇ।

ਸ੍ਰੀ ਚੁੰਬਰ ਜੋ ਅਮਰੀਕਾ ਤੋਂ 'ਅੰਬੇਦਕਰ ਟਾਈਮਜ਼' (ਅੰਗਰੇਜ਼ੀ) ਅਤੇ ਪੰਜਾਬੀ ਵਿਚ ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਚਲਾ ਰਹੇ ਹਨ, ਨੇ ਕਿਹਾ ਕਿ ਮੇਰੇ ਵਿਚਾਰ ਇਸੇ ਹੀ ਸੰਦਰਭ ਵਿਚ ਲੱਗਭੱਗ ਸਮਝੇ ਜਾਣ ਕਿ ਇਥੇ ਗੱਲ ਰਿਜ਼ਰਵੇਸ਼ਨ ਦੀ ਹੋਈ ਤੇ ਐਸ. ਸੀ., ਐਸ. ਟੀ. ਐਕਟ ਦੀ ਵੀ ਹੋਈ ਹੈ।

ਮੈਂ ਇੰਨਾ ਹੀ ਕਹਿਣਾ ਚਾਹਾਂਗਾ ਕਿ ਅਸੀਂ ਜੋ ਲੋਕ ਭਾਰਤ ਤੋਂ ਬਾਹਰ ਹੋਰਨਾਂ ਮੁਲਕਾਂ 'ਚ ਹਾਂ, ਉਹਨਾਂ ਜੋ ਕਦੇ ਭਾਰਤ ਵਿਚ ਰਿਜ਼ਰਵੇਸ਼ਨ ਦੀ ਮੰਗ ਕਰਦੇ ਸਨ ਪਰ ਉਹ ਲੋਕ ਬਾਹਰਲੇ ਮੁਲਕਾਂ 'ਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਕਿਉਂ ਨਹੀਂ ਕਰਦੇ ਜਾਂ ਕੀਤੀ? ਕਾਰਨ ਸਾਫ ਹੈ ਕਿ ਇੱਥੇ ਰਿਜ਼ਰਵੇਸ਼ਨ ਕਿਉਂ, ਕਿਵੇਂ ਤੇ ਕਦੋਂ ਮਿਲੀ ਹੈ, ਉਹ ਗੈਰ ਦਲਿਤ ਭਰਾ ਕਦੇ ਸੋਚ ਵਿਚਾਰਨ ਦੀ ਗੱਲ ਨਹੀਂ ਕਰਦੇ। ਅਜਿਹੀ ਰਿਜ਼ਰਵੇਸ਼ਨ ਦੇ ਪ੍ਰਬੰਧ ਹੋਰਨਾਂ ਮੁਲਕਾਂ ਵਿਚ ਵੀ ਹਨ ਪਰ ਸਵਾਲ ਇਹ ਹੈ ਕਿ ਭਾਰਤ ਦੇ ਰਿਜ਼ਰਵ ਕੈਟੇਗਰੀ ਦੇ ਲੋਕਾਂ ਦੁਆਰਾ ਬਾਹਰ ਮੰਗ ਨਾ ਕਰਨ ਦਾ ਕਾਰਨ ਸਾਫ ਦਿਖਾਈ ਦਿੰਦਾ ਹੈ ਕਿ ਉਥੇ ਬਰਾਬਰ ਦੇ ਅਧਿਕਾਰ ਤੇ ਬਰਾਬਰ ਦੇ ਫਰਜ਼ ਤੇ ਸਭ ਨੂੰ ਇਕੋ ਮੌਕੇ ਉਪਲਬਧ ਹਨ ਜੋ ਭਾਰਤ ਵਿਚ ਕਾਨੂੰਨਨ ਹੋਣ ਦੇ ਬਾਵਜੂਦ ਹਕੀਕਤ 'ਚ ਨਹੀਂ ਹਨ।

ਦੂਜਾ ਭਾਰਤ 'ਚ ਐਸ. ਸੀ., ਐਸ. ਟੀ. ਐਕਟ ਦਾ ਵਿਰੋਧ ਕਰਨ ਵਾਲਿਆਂ ਦੇ ਭੈਣ-ਭਰਾ ਬਾਹਰਲੇ ਮੁਲਕਾਂ ਵਿਚ ਨਸਲੀ ਵਿਤਕਰਿਆਂ ਤੇ ਬਣੇ ਸਖਤ ਕਾਨੂੰਨਾਂ ਦਾ ਕਿਉਂ ਵਿਰੋਧ ਨਹੀਂ ਕਰਦੇ? ਇਸ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

## ਡਾ: ਰਾਹੀ ਮਾਸੂਮ ਰਜ਼ਾ ਦੀਆਂ ਯਾਦਾਂ

# ਮੇਰੀ ਯਾਦੋਂ ਕੇ ਪਿਆਲੇ ਮੇਂ ਭਰੋ ਫਿਰ ਕੋਈ ਮੈਅ



ਕੇਹਰ ਸ਼ਰੀਫ
+49 173 3546050

**-ਪ੍ਰੋ: ਕੁੰਵਰਪਾਲ ਸਿੰਘ ਅਨੁਵਾਦ- ਕੇਹਰ ਸ਼ਰੀਫ਼**

ਰਾਹੀ ਜਦੋਂ ਅਲੀਗੜ੍ਹ ਆਏ ਉਦੋਂ ਉਨ੍ਹਾਂ ਦਾ ਨਾਂ ਉੱਘੇ ਸ਼ਾਇਰਾਂ ਵਿਚ ਗਿਣਿਆਂ ਜਾਂਦਾ ਸੀ। ਉਹ ਬਹੁਤ ਹੀ ਦੋਸਤੀ ਪਸੰਦ ਇਨਸਾਨ ਸਨ। ਮੈਂ ਆਪਣੇ ਪੂਰੇ ਯੂਨੀਵਰਸਿਟੀ ਜੀਵਨ ਵਿਚ ਉਨ੍ਹਾਂ ਨੂੰ ਇਕੱਲੇ ਨਹੀਂ ਦੇਖਿਆ। ਉਨ੍ਹੀਂ ਦਿਨੀਂ ਰਾਹੀ ਆਪਣੇ ਵੱਡੇ ਭਰਾ ਮੂਨਿਸ ਰਜ਼ਾ ਦੇ ਨਾਲ ਵਾਲੀ ਮੰਜ਼ਿਲ ਵਿਚ ਰਹਿੰਦੇ ਸਨ। ਵਿਭਾਗ ਤੋਂ ਘਰ ਤੱਕ ਦੀ ਕਾਫੀ ਦੂਰੀ ਸੀ ਪਰ ਕਿਸੇ ਮੁੱਦੇ 'ਤੇ ਬਹਿਸ ਹੁੰਦੀ ਰਹਿੰਦੀ ਅਤੇ ਰਾਹ ਮੁੱਕਦੀ ਰਹਿੰਦੀ।

ਰਾਹੀ ਦੀ ਸਭ ਤੋਂ ਵੱਡੀ ਖੂਬੀ ਸੀ ਬੇਬਾਕ ਹੋਣਾ। ਇਸ ਨੂੰ ਸਭ ਤੋਂ ਵੱਡੀ ਖੂਬੀ ਮੈਂ ਇਸ ਕਰਕੇ ਮੰਨਦਾ ਹਾਂ ਕਿ ਇਸ ਜ਼ਮਾਨੇ ਵਿਚ ਬਹੁਤ ਹੀ ਥੋੜੇ ਲੋਕ ਹਨ ਜੋ ਸਾਫ ਅਤੇ ਖੁੱਲ੍ਹ ਕੇ ਕਹਿੰਦੇ ਹਨ। ਇਸ ਵਿਚ ਉਹ ਆਪਣੇ ਦੋਸਤ, ਪਰਿਵਾਰ ਦੀ ਵੀ ਚਿੰਤਾ ਨਹੀਂ ਕਰਦੇ ਸਨ ਕਿ ਇਹ ਗੱਲ ਕਿਸਨੂੰ ਪਸੰਦ ਹੈ ਕਿਸਨੂੰ ਨਹੀਂ। ਲੋਕ ਉਹਨੂੰ ਉਰਦੂ ਦਾ ਬਾਇਰਨ ਕਿਹਾ ਕਰਦੇ ਸਨ। ਉਹਦੇ ਸ਼ੇਅਰ ਹਰ ਕਿਸੇ ਦੇ ਦਿਲ ਨੂੰ ਧੂਹ ਪਾਉਂਦੇ ਸਨ। ਉਹਦੀਆਂ ਗਜ਼ਲਾਂ ਨੇ ਲੰਮੇ ਅਰਸੇ ਤੱਕ ਲੋਕਾਂ ਵਿਚ ਅਧਿਕਾਰ ਹੀ ਜਮਾ ਲਿਆ ਸੀ।

ਅਜਨਬੀ ਸ਼ਹਿਰ ਮੇਂ ਅਜਨਬੀ ਰਾਸਤੇ,
ਮੇਰੀ ਤਨਹਾਈਉਂ ਪਰ ਮੁਸਕਰਾਤੇ ਰਹੇ।
ਮੈਂ ਬਹੁਤ ਦੇਰ ਤੱਕ ਯੂੰ ਹੀ ਚੱਲਤਾ ਰਹਾ,
ਤੁਮ ਬਹੁਤ ਦੇਰ ਤੱਕ ਯਾਦ ਆਤੇ ਰਹੇ।
ਜ਼ਖ਼ਮ ਜਬ ਭੀ ਕਭੀ ਮੇਰੇ ਦਿਲ ਪਰ ਲਗਾ,
ਜ਼ਿੰਦਗੀ ਕੀ ਤਰਫ ਏਕ ਦਰੀਚਾ ਖੁਲਾ।
ਹਮ ਭੀ ਗੋਯਾ ਕਿਸੀ ਸਾਜ਼ ਕੇ ਤਾਰ ਹੈਂ
ਚੋਟ ਖਾਤੇ ਰਹੇ, ਗੁਨਗੁਨਾਤੇ ਰਹੇ

ਜਦੋਂ ਉਹ ਇਹ ਗਜ਼ਲ ਤਰੰਨੁਮ ਵਿਚ ਗਾਉਂਦੇ ਸਨ ਤਾਂ ਵਾਰ ਵਾਰ ਇਸੇ ਨੂੰ ਹੀ ਮੁੜ ਗਾਉਣ ਦੀ ਫਰਮਾਇਸ਼ ਹੁੰਦੀ ਸੀ ਅਤੇ ਲੋਕ ਕੀਲੇ ਜਾਂਦੇ ਸਨ। ਰਾਹੀ ਗਭਰੇਟ ਉਮਰ ਤੋਂ ਹੀ ਖੱਬੇ ਪੱਖੀ ਵਿਚਾਰਧਾਰਾ ਦੇ ਸਮਰਥਕ ਸਨ। ਉਹ ਇਕ ਅਗਾਂਹਵਧੂ ਕਵੀ ਦੇ ਤੌਰ ਤੇ ਜਾਣੇ ਜਾਂਦੇ ਸਨ। 1957 ਵਿਚ ਰਾਹੀ ਯੂਨੀਵਰਸਿਟੀ ਵਿਚ ਆਏ। ਇੱਥੇ ਸਟੂਡੈਂਟ ਫੈਡਰੇਸ਼ਨ ਨਾਲ ਸਰਗਰਮੀ ਨਾਲ ਜੁੜ ਗਏ। ਉਨ੍ਹਾਂ ਦਿਨਾਂ ਵਿਚ ਇਹ ਬਹੁਤ ਮਜਬੂਤ ਜਥੇਬੰਦੀ ਸੀ। ਵਿਚਾਰਾਂ ਵਿਚ ਤਿੱਖਾਪਨ ਅਤੇ ਸੇਧ ਤਾਂ ਉਨ੍ਹਾਂ ਅੰਦਰ ਬਚਪਨ ਤੋਂ ਹੀ ਸੀ। 1955 ਵਿਚ ਲਿਖੀ ਇਕ ਗਜ਼ਲ ਦਾ ਸ਼ੇਅਰ ਯਾਦ ਆ ਰਿਹਾ ਹੈ।

ਕਿਉਂਕਿ ਜ਼ਿੰਦਗੀ ਮੇਰੀ ਜ਼ੇਹਦ ਕੀ ਅਲਾਮਤ ਹੈ
ਇਨਕਲਾਬੇ ਫਰਦਾ ਕੀ ਏਕ ਬੜੀ ਅਮਾਨਤ ਹੈ।

ਰਾਹੀ ਨਾਲ ਮੇਰੀ ਪਹਿਲੀ ਮੁਲਾਕਾਤ ਇਕ ਸਟੂਡੈਂਟ ਮੀਟਿੰਗ ਵਿਚ ਹੋਈ। ਉਨ੍ਹਾਂ ਦਿਨਾਂ ਵਿਚ ਉਹ ਸੱਭਿਆਚਾਰਕ ਫਰੰਟ ਦੇ ਇੰਚਾਰਜ ਸਨ। ਗਾਉਣ ਅਤੇ ਡਰਾਮੇ ਦੀ ਟੀਮ ਤਿਆਰ ਕਰ ਰਹੇ ਸਨ। ਉਨ੍ਹਾ ਦੇ ਨਾਲ ਹਕੀਮ ਮਹਿਬੂਬ ਆਲਮ, ਖਾਲਿਦ ਸੁਲਤਾਨ, ਬਾਕਰ ਮੁਸਤਫਾ ਵਰਗੇ ਰੰਗ ਕਰਮੀ ਜੁੜੇ ਹੋਏ ਸਨ। ਮੈਂ ਵੀ ਟੀਮ ਦਾ ਸਹਿਯੋਗੀ ਬਣ ਗਿਆ। ਇਸ ਫਰੰਟ ਦਾ ਮੁੱਖ ਉਦੇਸ਼ ਨਾਟਕ ਅਤੇ ਕਵਿਤਾ ਦੇ ਮਾਧਿਅਮ ਰਾਹੀਂ ਸੰਕੀਰਣਤਾ, ਕੁਰੀਤੀਆਂ, ਅੰਧਵਿਸ਼ਵਾਸਾਂ ਅਤੇ ਅਨਿਆਂ ਦੇ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰਨਾ ਸੀ ਅਤੇ ਰਾਜਨੀਤਕ ਗੱਲਾਂ ਵੀ ਇਸ ਮਾਧਿਅਮ ਰਾਹੀਂ ਕੀਤੀਆ ਜਾ ਸਕਦੀਆਂ ਸਨ।

ਅੱਜ ਵੀ ਮੈਂ ਇਹ ਹੀ ਮੰਨਦਾ ਹਾਂ ਕਿ ਸੱਭਿਆਚਾਰਕ ਖੜੋਤ ਤੋੜੇ ਬਿਨਾਂ ਅਗਾਂਹਵਧੂ ਰਾਜਨੀਤੀ ਕਰਨਾ ਅਸੰਭਵ ਹੈ। ਹਿੰਦੀ ਖੇਤਰ ਹੁਣ ਜਿਸ ਸੱਭਿਆਚਾਰ ਅਤੇ ਖੜੋਤ ਦਾ ਸ਼ਿਕਾਰ ਹੈ ਇਸ ਸਥਿਤੀ ਵਿਚ ਤਾਂ ਪਿਛਾਖੜੀ/ਵਿਨਾਸ਼ਕਾਰੀ ਰਾਜਨੀਤੀ ਹੀ ਸਰਗਰਮ ਹੋਵੇਗੀ। ਇਸ ਦਾ ਵਿਰੋਧ ਸੱਭਿਆਚਾਰਕ ਪੱਧਰ ਤੇ ਕੀਤਾ ਜਾਣਾ ਚਾਹੀਦਾ ਹੈ। ਸਾਡੀਆਂ ਗੋਸ਼ਟੀਆਂ ਸ਼ਾਮ ਵੇਲੇ ਜਾਵੇਦ ਕਮਾਲ ਦੀ ਕੈਨਟੀਨ ਤੇ ਹੁੰਦੀਆ ਸਨ।

ਜਾਵੇਦ ਕਮਾਲ ਖੁਦ ਵੀ ਉਰਦੂ ਦੇ ਸਮਰੱਥ ਕਵੀ ਤੇ ਵਿਅਕਤੀ ਸਨ। ਉਹ ਉਰਦੂ ਵਿਚ ਐਮ.ਏ ਕਰਨ ਤੋਂ ਬਾਅਦ ਕੈਨਟੀਨ ਚਲਾ ਰਹੇ ਸਨ। ਯੂਨੀਵਰਸਿਟੀ ਦੇ ਸਾਰੇ ਸਾਹਿਤਕਾਰ, ਰੰਗਕਰਮੀ, ਰਾਜਨੀਤਕ ਆਦਿ ਸਭ ਜਾਵੇਦ ਕਮਾਲ ਦੀ ਕੈਨਟੀਨ ਤੇ ਇਕੱਠੇ ਹੁੰਦੇ ਸਨ। ਇੱਥੇ ਸਾਹਿਤ, ਕਲਾ, ਦੇਸ-ਵਿਦੇਸ ਦੀ ਰਾਜਨੀਤੀ, ਯੂਨੀਵਰਸਿਟੀ ਵਿਚ ਚੱਲ ਰਹੇ ਵਰਤਾਰੇ, ਵਿਅਕਤੀ, ਸਮਾਜ ਅਤੇ ਸਕੈਂਡਲ ਆਦਿ ਮੁੱਖ ਚਰਚਾ ਵਿਚ ਹੁੰਦੇ ਸਨ। ਅਧਿਆਪਕ ਅਤੇ ਵਿਦਿਆਰਥੀ ਦੋਹਾਂ ਦਾ ਹੀ ਇਨ੍ਹਾਂ ਸ਼ਾਮ ਦੀਆਂ ਸਭਾਵਾਂ ਵਿਚ ਬਰਾਬਰ ਦਾ ਦਰਜਾ ਹੁੰਦਾ ਸੀ।

ਰਾਹੀ ਜਿੱਥੇ ਵੀ ਹੋਣ ਪ੍ਰਮੁੱਖ ਖਿੱਚ ਦਾ ਕੇਂਦਰ ਨਾ ਹੋਣ ਇਹ ਅਸੰਭਵ ਸੀ। ਸਾਹਿਤਕਾਰਾਂ ਵਿਚ ਖਲੀਲ-ਉਰ-ਰਹਿਮਾਨ ਆਜ਼ਮੀ, ਸ਼ਹਿਰਯਾਰ ਤਾਂ ਅਕਸਰ ਹੁੰਦੇ ਸਨ। ਕਦੇ ਕਦੇ ਜਜ਼ਬੀ ਸਾਹਿਬ, ਵਾਮਿਕ ਜੌਨਪੁਰੀ, ਡਾ: ਮੁਨੀਬਰ ਰਹਿਮਾਨ, ਵਰਗੇ ਉੱਘੇ ਸ਼ਾਇਰ ਵੀ ਸ਼ਾਮਲ ਹੁੰਦੇ ਸਨ। ਇਹ ਸਭ ਸੰਨ 1965 ਤੱਕ ਜਾਰੀ ਰਿਹਾ ਕਿਉਂਕਿ ਸੰਨ 1966 ਵਿਚ ਰਾਹੀ ਬੰਬਈ ਚਲੇ ਗਏ ਅਤੇ ਇਹ ਗੋਸ਼ਟੀਆਂ ਵੀ ਇਤਿਹਾਸ ਬਣ ਗਈਆਂ। ਅਸੀਂ ਇਨ੍ਹਾਂ ਨੂੰ ਗੱਪ ਗੋਸ਼ਟੀਆਂ ਦਾ ਨਾਮ ਦਿੱਤਾ ਸੀ।

ਸੰਨ 1962 ਵਿਚ ਇਕ ਦਿਨ ਰਾਹੀ ਨੂੰ ਮੈਂ ਬੜੀ ਗੰਭੀਰਤਾ ਨਾਲ ਕਿਹਾ ਕਿ ਕਦੋਂ ਤੱਕ ਤੁਸੀਂ ਗੁੰਮਨਾਮ ਨਾਵਲ ਲਿਖਦੇ ਰਹੋਗੇ, ਕਿਉਂ ਨਹੀਂ ਕੋਈ ਗੰਭੀਰ ਨਾਵਲ ਲਿਖਦੇ? ਤੁਹਾਡੇ ਕੋਲ ਜੋ ਭਾਸ਼ਾ-ਸ਼ੈਲੀ ਹੈ ਉਸਦਾ ਉਪਯੋਗ ਕਿਉਂ ਨਹੀਂ ਕਿਸੇ ਉੱਤਮ ਰਚਨਾ ਲਈ ਕਰਦੇ? ਉਨ੍ਹਾਂ ਨੇ ਕਿਹਾ, ਯਾਰ ਕੇ.ਪੀ ਛਾਪੇਗਾ ਕੌਣ? ਉਰਦੂ ਵਿਚ ਤਾਂ ਛਾਪਣ ਤੋਂ ਰਿਹਾ ਕੋਈ? ਮੈਂ ਕਿਹਾ ਲਿਖੋ ਤਾਂ ਸਈ ਕਿਧਰੇ ਨਾ ਕਿਧਰੇ ਛਪ ਜਾਏਗਾ। ਇਸ ਤਰ੍ਹਾਂ 'ਆਧਾ ਗਾਂਵ' ਦਾ ਲਿਖਣਾ ਹੌਲੀ ਹੌਲੀ ਸ਼ੁਰੂ ਹੋਇਆ। ਜਿੰਨਾ ਹਿੱਸਾ ਲਿਖਦੇ ਸਨ ਹਫਤੇ ਵਿਚ ਇਕ ਦਿਨ ਜਾਵੇਦ ਕਮਾਲ ਦੀ ਕੈਨਟੀਨ 'ਤੇ ਮਿੱਤਰ ਮੰਡਲੀ ਵਿਚ ਸੁਣਾ ਦਿੰਦੇ ਸਨ। ਉਸ 'ਤੇ ਬਹਿਸ ਹੁੰਦੀ ਸੀ। ਭਾਸ਼ਾ ਪਾਤਰ ਅਤੇ ਘਟਨਾਵਾਂ ਉੱਤੇ। ਰਾਹੀ ਬਹੁਤ ਧਿਆਨ ਨਾਲ ਸਵਾਲਾਂ ਨੂੰ ਸੁਣਦੇ ਸਨ ਤੇ ਹਰ ਸਵਾਲ ਦਾ ਜਵਾਬ ਦਿੰਦੇ ਸਨ ਅਤੇ ਜੋ ਗੰਭੀਰ ਸਵਾਲ ਹੁੰਦੇ ਸਨ ਜਿਨ੍ਹਾਂ ਦੇ ਉਸ ਸਮੇਂ ਉੱਤਰ ਨਹੀਂ ਸਨ ਉਨ੍ਹਾਂ ਨੂੰ ਰਾਹੀ ਨੋਟ ਕਰ ਲੈਂਦੇ ਸਨ ਅਤੇ ਬਾਅਦ ਵਿਚ ਵਿਚਾਰ ਕਰਕੇ ਜਰੂਰੀ ਸੁਧਾਈ ਅਤੇ ਸੁਧਾਰ ਵੀ ਕਰਦੇ ਸਨ। ਇਹ ਕੰਮ ਦੋ ਸਾਲ ਤੱਕ ਚੱਲਦਾ ਰਿਹਾ, ਇਸ ਤਰ੍ਹਾਂ 'ਆਧਾ ਗਾਂਵ' ਸੰਨ 1964 ਦੇ ਅੰਤ ਤੱਕ ਪੂਰਾ ਹੋ ਗਿਆ।

'ਆਧਾ ਗਾਂਵ' ਲਿਖਦਿਆਂ ਕਈ ਦਿਲਚਸਪ ਗੱਲਾਂ ਹੋਈਆਂ। ਇਸੇ ਦਰਮਿਆਨ ਮੈਂ ਵੀ ਉਸੇ ਮੰਜ਼ਿਲ 'ਤੇ ਰਾਹੀ ਸਾਹਿਬ ਕੋਲ ਰਹਿਣ ਲੱਗਾ। ਫੁੰਨਨ ਮੀਆਂ ਇਸ ਨਾਵਲ ਦੇ ਬਹੁਤ ਜਾਨਦਾਰ ਪਾਤਰ ਹਨ। ਹਿੰਦੀ ਨਾਵਲ ਵਿਚ ਅਜਿਹੇ ਪਾਤਰ ਅਜਾਦੀ ਤੋਂ ਬਾਅਦ ਘੱਟ ਹੀ ਦੇਖਣ ਨੂੰ ਮਿਲਦੇ ਹਨ। ਨਾਵਲ ਵਿਚ ਫੁੰਨਨ ਮੀਆਂ ਦੀ ਮੌਤ ਨੂੰ ਲੈ ਕੇ ਮੇਰੇ ਅਤੇ ਰਾਹੀ ਦੇ ਵਿਚਕਾਰ ਕਾਫੀ ਮੱਤਭੇਦ ਰਹੇ। ਮੇਰੀ ਰਾਇ ਸੀ ਕਿ ਫੁੰਨਨ ਮੀਆਂ ਨੂੰ ਮਰਨਾ ਨਹੀਂ ਚਾਹੀਦਾ ਅਤੇ ਰਾਹੀ ਕਹਿੰਦੇ ਸਨ ਕਿ ਫੁੰਨਨ ਮੀਆਂ ਦੀ ਭੂਮਿਕਾ ਖਤਮ ਹੋ ਗਈ ਹੈ ਤੇ ਕਹਾਣੀ ਦੀ ਮੰਗ ਦੇ ਅਨੁਸਾਰ ਤੁਸੀਂ ਫੁੰਨਨ ਮੀਆਂ ਨੂੰ ਜੀਊਂਦਾ ਨਹੀਂ ਰੱਖ ਸਕਦੇ। ਬਹਿਸ ਕਰਦੇ ਕਰਦੇ ਸਾਡੇ ਵਿਚਕਾਰ ਝਗੜਾ ਹੋਇਆ, ਤਿੰਨ ਦਿਨ ਤੱਕ ਇਕ ਵੀ ਸ਼ਬਦ ਨਾ ਲਿਖਿਆ ਗਿਆ ਅਤੇ ਨਾ ਹੀ ਅਸੀਂ ਕੋਈ ਗੱਲਬਾਤ ਕੀਤੀ।





ਚੌਥੇ ਦਿਨ ਬੈਠ ਕੇ ਸਮਝੌਤਾ ਵਾਰਤਾ ਹੋਈ। ਰਾਹੀ ਨੇ ਕਿਹਾ ਕਿ ਫੁੰਨਨ ਮੀਆਂ ਨਾਲ ਮੇਰਾ ਵੀ ਬਹੁਤ ਮੋਹ ਹੈ। ਹੁਣ ਤੁਸੀਂ ਹੀ ਦੱਸੋ ਕਿ ਉਹਨੂੰ ਕਿਵੇਂ ਜੀਵਤ ਰੱਖਿਆ ਜਾ ਸਕਦਾ ਹੈ। ਮੈਂ ਨਿਰ-ਉੱਤਰ ਹੋ ਗਿਆ ਅਤੇ ਕਹਾਣੀ ਅੱਗੇ ਤੁਰੀ। ਫੁੰਨਨ ਹੀ ਸਨ ਜਿਨ੍ਹਾਂ ਨੇ ਅਜਾਦੀ ਤੋਂ ਬਾਅਦ ਭਾਰਤੀ ਰਾਜਨੀਤੀ ਵਿਚ ਫਿਰਕਾਪ੍ਰਸਤੀ ਵੱਲ ਇਸ਼ਾਰਾ ਕੀਤਾ ਸੀ। ਕਾਂਗਰਸ ਦੇ ਇਕ ਮੰਤਰੀ 1942 ਦੇ ਸ਼ਹੀਦਾਂ ਦੀ ਯਾਦਗਾਰ ਬਨਾਉਣ ਦਾ ਐਲਾਨ ਕਰਦੇ ਹਨ ਅਤੇ ਸਾਰੇ ਸ਼ਹੀਦਾਂ ਦਾ ਨਾਮ ਲੈਂਦੇ ਹਨ ਪਰ ਜਦੋਂ ਅੱਬਾਸ ਦਾ (ਜੋ ਉਸੇ ਥਾਂ 'ਤੇ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋਇਆ ਸੀ) ਕੋਈ ਬੁਲਾਰਾ ਨਾਮ ਨਹੀਂ ਲੈਂਦਾ ਤਾਂ ਫੁੰਨਨ ਮੀਆਂ ਬਹੁਤ ਹੀ ਹੈਰਾਨ ਹੁੰਦੇ ਹਨ ਅਤੇ ਇਕ ਦਮ ਉੱਚੀ ਅਵਾਜ਼ ਵਿਚ ਕਹਿੰਦੇ ਹਨ – 'ਇੱਥੇ ਤਾਂ ਸਾਡੇ ਅੱਬਾਸ ਵੀ ਮਰੇ ਸਨ'।

ਦੂਸਰਾ ਵਿਵਾਦ ਸਾਡੇ ਵਿਚਕਾਰ 'ਆਧਾ ਗਾਂਵ' ਵਿਚ ਆਉਂਦੀਆਂ ਗਾਲ੍ਹਾਂ ਨੂੰ ਲੈ ਕੇ ਸੀ। ਪਾਠਕ ਜਾਣਦੇ ਹਨ ਕਿ ਵਿਗੜੇ ਹੋਏ ਜਗੀਰਦਾਰ ਕਿਸ ਤਰ੍ਹਾਂ ਗਾਲ੍ਹਾਂ ਕਢਦੇ ਹਨ। ਉਹ ਇਸ ਅੰਦਰ ਮੂਲ਼ ਰੂਪ ਵਿਚ ਮੌਜੂਦ ਹਨ। ਪੂਰੇ ਲਿਖਣ ਸਮੇਂ ਦੌਰਾਨ ਇਸ 'ਤੇ ਵਾਰ ਵਾਰ ਵਿਵਾਦ ਰਿਹਾ ਕਿ ਕੀ ਗਾਲ੍ਹਾਂ ਇਸ ਕਥਾ ਦਾ ਹਿੱਸਾ ਹਨ। ਇਸ ਬਹਿਸ ਦਾ ਇਹ ਨਤੀਜਾ ਹੋਇਆ ਕਿ ਜਿੱਥੇ ਕਿਤੇ ਵੀ ਗੈਰ ਜਰੂਰੀ ਗਾਲ੍ਹਾਂ ਦੀ ਵਰਤੋਂ ਹੈ ਉਹ ਦੂਜੀ ਵਾਰ ਤਿਆਰ ਕੀਤੇ ਖਰੜੇ ਵਿਚ ਘਟਾ ਦਿੱਤੀ ਗਈ। ਮੈਂ ਅੱਜ ਮਹਿਸੂਸ ਕਰਦਾ ਹਾਂ ਕਿ ਇਹ ਗਾਲ੍ਹਾਂ ਕਹਾਣੀ ਦਾ ਜਰੂਰੀ ਅੰਗ ਹਨ। ਇਹ ਪਾਤਰਾਂ ਨੂੰ ਵਧੇਰੇ ਪ੍ਰਭਾਵਿਤ ਅਤੇ ਸਾਰਥਕ ਬਣਾਉਂਦੀਆਂ ਹਨ। ਜਿਨ੍ਹਾਂ ਦਾ ਜੀਵਨ ਖੁਦ ਇਕ ਘਟੀਆ ਗਾਲ੍ਹ ਤੋਂ ਵੱਧ ਨਹੀਂ ਹੈ। ਅਜਿਹੇ ਪੌਂਗਾ ਪੰਡਿਤਾਂ ਨੇ ਜੋਧਪੁਰ ਯੂਨੀਵਰਸਿਟੀ ਵਿਚ 'ਆਂਧਾ ਗਾਂਵ' ਦੇ ਖਿਲਾਫ ਘਟੀਆ ਪ੍ਰਚਾਰ ਕਰਕੇ ਇਸ ਨਾਵਲ ਨੂੰ ਅਸ਼ਲੀਲ ਸਿੱਧ ਕਰਨ ਦਾ ਅਸਫਲ ਜਤਨ ਕੀਤਾ।

ਅਸਲ ਵਿਚ ਇਹ ਆਪਣੀ ਅਸ਼ਲੀਲ ਰਾਜਨੀਤੀ ਨੂੰ ਲੁਕਾਉਣ ਦਾ ਤਲਿੱਸਮੀ ਤਰੀਕਾ ਸੀ। 'ਆਧਾ ਗਾਂਵ' ਦਾ ਕੁੱਝ ਹਿੱਸਾ ਫਾਰਸੀ ਲਿੱਪੀ ਤੋਂ ਮੈਂ ਅਤੇ ਰਾਹੀ ਨੇ ਦੇਵਨਾਗਰੀ ਵਿਚ ਕਰਕੇ ਤਜ਼ੁਰਬੇ ਵਜੋਂ ਉਸ ਸਮੇਂ ਦੀ ਪਰਸਿੱਧ ਪੱਤ੍ਰਿਕਾ 'ਗਿਆਨੋਦੋਯ' ਨੂੰ ਭੇਜ ਦਿੱਤਾ। ਇਹ ਹਿੱਸਾ ਸੰਪਾਦਕ ਨੂੰ ਬਹੁਤ ਪਸੰਦ ਆਇਆ, ਉਨ੍ਹਾਂ ਨੇ 'ਗਿਆਨੋਦੋਯ' ਵਿਚ 1965 ਦੇ ਸ਼ੁਰੂ 'ਚ ਪ੍ਰਮੁੱਖਤਾ ਨਾਲ ਇਸਨੂੰ ਛਾਪਿਆ। ਇਸ ਨਾਲ ਰਾਹੀ ਬਹੁਤ ਉਤਸ਼ਾਹਿਤ ਹੋਏ। ਉਰਦੂ ਦਾ ਇਸਤੋਂ ਪੂਰਾ ਲਿੱਪੀਅੰਤਰ ਕੀਤਾ ਗਿਆ। ਅਪਰੈਲ 1965 ਵਿਚ ਕਮਲੇਸ਼ਵਰ ਲਖਨਊ ਆਏ ਸਨ। ਮੈਂ ਕਮਲੇਸ਼ਵਰ ਨੂੰ ਕਿਹਾ ਕਿ ਰਾਹੀ ਨੇ ਬਹੁਤ ਚੰਗਾ ਨਾਵਲ ਲਿਖਿਆ ਹੈ। ਇਕ ਦਮ ਵੱਖਰਾ, ਹਿੰਦੀ ਵਿਚ ਇਸ ਵਿਸ਼ੇ-ਵਸਤੂ 'ਤੇ ਹੁਣ ਤੱਕ ਕੋਈ ਨਾਵਲ ਨਹੀਂ ਹੈ। ਭਾਸ਼ਾ ਅਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਅਦਭੁੱਤ ਹੈ। ਹਿੰਦੀ ਦੇ ਪਾਠਕਾਂ ਨੂੰ ਪਸੰਦ ਆਵੇਗਾ।

ਕਮਲੇਸ਼ਵਰ ਨੇ ਕੁੱਝ ਹਿੱਸੇ ਸੁਣੇ। ਰਾਹੀ ਨਾਲ ਗੱਲਬਾਤ ਕੀਤੀ ਅਤੇ ਉਸੇ ਦਿਨ ਖਰੜਾ ਲੈ ਕੇ ਦਿੱਲੀ ਚਲੇ ਗਏ। 1966 ਵਿਚ 'ਅਕਸ਼ਰ' ਪ੍ਰਕਾਸ਼ਨ ਵਲੋਂ ਨਾਵਲ ਪ੍ਰਕਾਸ਼ਿਤ ਹੋਇਆ। ਹਿੰਦੀ ਦੇ ਪਾਠਕਾਂ ਅਤੇ ਅਧਿਆਪਕਾਂ ਨੇ ਇਸ ਦਾ ਭਰਪੂਰ ਸਵਾਗਤ ਕੀਤਾ। ਪ੍ਰਮੁੱਖ ਅਖਬਾਰਾਂ, ਰਸਾਲਿਆਂ ਵਿਚ ਇਸ ਦੀ ਵੱਡੇ ਪੱਧਰ ਤੇ ਚਰਚਾ ਹੋਈ। ਇਕ ਸਾਲ ਵਿਚ ਹੀ ਰਾਹੀ ਹਿੰਦੀ ਦੇ ਪ੍ਰਮੁੱਖ ਨਾਵਲਕਾਰ ਬਣ ਗਏ। ਪ੍ਰਕਾਸ਼ਕਾਂ ਦੀ ਸਿਆਸਤ ਦੇ ਕਾਰਨ ਇਹਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਨਹੀਂ ਮਿਲਿਆ। ਪਰ ਨਿਰਵਿਵਾਦ ਰੂਪ ਵਿਚ ਹਿੰਦੀ ਦੇ ਦਸ ਵਧੀਆ ਨਾਵਲਾਂ ਵਿਚ 'ਆਧਾ ਗਾਂਵ' ਇਕ ਹੈ।

1965 ਦੀ ਇਕ ਦਿਲਚਸਪ ਘਟਨਾ ਦਾ ਜ਼ਿਕਰ ਕਰਨਾ ਰਾਹੀ ਨੂੰ ਸਮਝਣ ਵਾਸਤੇ ਜ਼ਰੂਰੀ ਹੈ। ਹਿੰਦੁਸਤਾਨ-ਪਾਕਿਸਤਾਨ ਦੇ ਦਰਮਿਆਨ ਭਿਆਨਕ ਜੰਗ ਛਿੜੀ ਸੀ। ਰਾਹੀ ਜੰਗ ਲਈ ਪਾਕਿਸਤਾਨ ਦੇ ਫੌਜੀ ਤਾਨਾਸ਼ਾਹਾਂ ਨੂੰ ਪੂਰਨ ਰੂਪ ਵਿਚ ਜੁੰਮੇਵਾਰ ਸਮਝਦੇ ਸਨ ਅਤੇ ਖੁੱਲ੍ਹ ਕੇ ਇਹ ਗੱਲ ਯੂਨਵਿਰਸਿਟੀ ਵਿਚ ਕਹਿੰਦੇ ਸਨ ਕਿ ਪਾਕਿਸਤਾਨ ਦੇ ਲੋਕਾਂ ਵਾਸਤੇ ਫੌਜੀ ਤਾਨਾਸ਼ਾਹਾਂ ਦੀ ਹਾਰ ਜ਼ਰੂਰੀ ਹੈ। ਮੇਰੀ ਰਾਇ ਸੀ ਕਿ ਜੰਗ ਨਾਲ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ, ਇਸ ਕਰਕੇ ਸਾਨੂੰ ਸਭ ਨੂੰ ਮਿਲ ਕੇ ਸ਼ਾਂਤੀ ਦਾ ਜਤਨ ਕਰਨਾ ਚਾਹੀਦਾ ਹੈ। ਜੰਗ ਦੇ ਦਿਨਾਂ ਵਿਚ ਇਸ ਸਵਾਲ 'ਤੇ ਸਾਡੇ ਵਿਚਕਾਰ ਦੇਰ ਤੱਕ ਵਿਵਾਦ ਹੁੰਦਾ ਰਿਹਾ। ਰਾਹੀ ਦੀ ਦਲੀਲ ਸੀ ਕਿ ਧਰਮ ਦੇ ਅਧਾਰ 'ਤੇ ਨਾ ਦੇਸ਼ ਚੱਲ ਸਕਦਾ ਹੈ ਨਾ ਰਾਜਨੀਤੀ। ਪਾਕਿਸਤਾਨ ਦੇ ਹਾਕਮ ਦੋਵੇਂ ਕੰਮ ਕਰ ਰਹੇ ਹਨ।

1965 ਵਿਚ ਹੀ ਉਨ੍ਹਾਂ ਨੇ ਪਰਮਵੀਰ ਚੱਕਰ ਅਬਦੁੱਲ ਹਮੀਦ ਦੀ ਜੀਵਨੀ ਲਿਖੀ "ਛੋਟੇ ਆਦਮੀ ਦੀ ਵੱਡੀ ਕਹਾਣੀ" ਕਿਸੇ ਸਧਾਰਨ ਆਦਮੀ ਦੀ ਕਿਸੇ ਪ੍ਰਸਿੱਧ ਲੇਖਕ ਵਲੋਂ ਲਿਖੀ ਗਈ ਇਹ ਮਹੱਤਵਪੂਰਨ ਜੀਵਨੀ ਹੈ। ਉਨ੍ਹਾਂ ਦਿਨਾਂ ਵਿਚ ਹੀ ਰਾਹੀ ਨੇ ਇਕ ਕਵਿਤਾ ਲਿਖੀ "ਸਭ ਤੋਂ ਛੋਟੀ ਘੱਟਗਿਣਤੀ" ਰਾਹੀ ਨੂੰ ਇਹ ਕਵਿਤਾ ਬਹੁਤ ਪਿਆਰੀ ਸੀ। ਉਹ ਵਾਰ ਵਾਰ ਇਸ ਕਵਿਤਾ ਨੂੰ ਦੁਹਰਾਉਂਦੇ ਸਨ, ਕਹਿੰਦੇ ਸਨ ਕਿ ਸਭ ਤੋਂ ਛੋਟੀ ਘੱਟਗਿਣਤੀ ਹਿੰਦੁਸਤਾਨੀਆਂ ਦੀ ਹੈ। ਲੋਕ ਹਿੰਦੂ ਹਨ, ਸਿੱਖ ਹਨ, ਈਸਾਈ ਹਨ, ਬੰਗਾਲੀ ਹਨ, ਪੰਜਾਬੀ ਹਨ, ਮਰਾਠੀ ਹਨ ਪਰ ਹਿੰਦੁਸਤਾਨੀਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਘੱਟ ਹੁੰਦੀ ਜਾ ਰਹੀ ਹੈ।

ਨਾਗਫਨੀ ਕੇ ਇਸ ਜੰਗਲ ਮੇਂ
ਜੈਸੇ ਹਰਸਿੰਗਾਰ ਕੀ ਕੋਂਪਲ

ਰਾਹੀ ਦਾ ਵਿਚਾਰ ਸੀ ਕਿ ਖੁਬਸੂਰਤ ਫੁੱਲਾਂ ਦੀ ਥਾਂ ਝਾੜ ਬੂਟੇ ਲੈ ਰਹੇ ਹਨ। ਅਜਿਹੇ ਜੰਗ਼ਲ ਨੂੰ ਅੱਗੇ ਵਧਣੋ ਰੋਕੇ ਬਿਨਾ ਭਾਰਤ ਦੀ ਏਕਤਾ, ਅਖੰਡਤਾ ਅਤੇ ਸੱਭਿਆਚਾਰ ਦੀ ਰਾਖੀ ਨਹੀਂ ਹੋ ਸਕਦੀ। ਲੋਕ ਹੈਰਾਨ ਹੁੰਦੇ ਹਨ ਅਤੇ ਮੌਤ ਤੋਂ ਬਾਅਦ ਉਰਦੂ ਦੇ ਅਨੇਕ ਲੋਕਾਂ ਨੇ ਕਿਹਾ ਵੀ ਹੈ ਕਿ ਉਰਦੂ ਵਿਭਾਗ ਵਿਚ ਰਾਹੀ ਨਾਲ ਜੋ ਹੋਇਆ, ਦੂਸਰੇ ਸਥਾਨਾਂ 'ਤੇ ਇਸ ਨਾਲ ਮਿਲਦੀਆਂ ਜੁਲਦੀਆਂ ਘਟਨਾਵਾਂ ਹੋਰ ਪ੍ਰਤਿਭਾਵਾਨ ਅਧਿਆਪਕਾਂ ਅਤੇ ਸਾਹਿਤਕਾਰਾਂ ਨਾਲ ਆਏ ਦਿਨ ਹੁੰਦੀਆਂ ਰਹਿੰਦੀਆਂ ਹਨ। ਅਸਲ ਵਿਚ ਸਾਡੇ ਵਿਸ਼ਵ ਵਿਦਿਆਲਿਆਂ ਵਿਚ ਪਿੱਛੇ ਦੇ ਦਰਵਾਜ਼ੇ ਰਾਹੀਂ ਚਤਰਾਈ (ਤਿਕੜਮਬਾਜ਼ੀ) ਅਤੇ ਸਿਫਾਰਸ਼ ਨਾਲ ਜੋ ਲੋਕ ਪਹੁੰਚਦੇ ਹਨ ਉਹ ਇਕ ਕਿਸਮ ਦੀ ਹੀਣ ਭਾਵਨਾ ਨਾਲ ਸਦਾ ਹੀ ਪੀੜਤ ਰਹਿੰਦੇ ਸਨ। ਉਹ ਆਪਣੇ ਤੋਂ ਅੱਗੇ, ਬਰਾਬਰ ਜਾਂ ਉਨ੍ਹਾਂ ਦੀ ਹਸਤੀ ਨੂੰ ਚੁਣੌਤੀ ਦੇਣ ਵਾਲੇ ਕਿਸੇ ਵਿਅਕਤੀ ਨੂੰ ਵਿਭਾਗ ਵਿਚ ਨਹੀਂ ਆਉਣ ਦਿੰਦੇ।

ਰਾਹੀ ਅਸਥਾਈ ਅਧਿਆਪਕ ਸਨ ਪਰ ਆਪਣੀ ਪ੍ਰਤਿਭਾ ਅਤੇ ਸ਼ੋਹਰਤ ਵਿਚ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੋਂ ਦੋ ਕਦਮ ਅੱਗੇ ਸਨ। ਯੂਨੀਵਰਸਿਟੀ ਦੇ ਉਸ ਵੇਲੇ ਦੇ ਉਪ-ਕੁਲਪਤੀ ਬਦਰੂਦੀਨ ਤਈਅਬ ਉਨ੍ਹਾਂ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਦਾ ਬਹੁਤ ਸਨਮਾਨ ਕਰਦੇ ਸਨ। ਬਜ਼ੁਰਗਾਂ ਵਾਸਤੇ ਇਹ ਵੀ ਇਕ ਈਰਖਾ ਦਾ ਕਾਰਨ ਸੀ। ਪਰ ਉਨ੍ਹਾਂ ਦਾ ਹਿੰਦੀ ਵਿਚ ਆਉਣ ਦਾ ਕਿੱਸਾ ਬਿਲਕੁੱਲ ਵੱਖਰਾ ਹੈ। ਜਦੋਂ ਉਹ ਖੋਜ ਕਰ ਰਹੇ ਸਨ ਉਦੋਂ ਹੀ ਉਨ੍ਹਾਂ ਨੇ ਅਨੁਭਵ ਕੀਤਾ ਸੀ ਕਿ ਉਰਦੂ ਨੇ ਜੇ ਭਾਸ਼ਾ ਦੇ ਰੂਪ ਵਿਚ ਜੀਵਤ ਰਹਿਣਾ ਹੈ ਤਾਂ ਇਸਨੂੰ ਦੇਵਨਾਗਰੀ ਲਿੱਪੀ ਅਪਨਾਉਣੀ ਪਵੇਗੀ। ਇਹ ਬਹਿਸ ਉਨ੍ਹਾਂ ਨੇ 1960 ਵਿਚ ਹੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਰਦੂ ਵਾਲਿਆਂ ਦਾ ਡਰ ਵਿਅਰਥ ਹੈ ਕਿ ਲਿੱਪੀ ਬਦਲਣ ਨਾਲ ਭਾਸ਼ਾ ਖਤਮ ਹੋ ਜਾਂਦੀ ਹੈ। ਜੇ ਅਜਿਹਾ ਹੁੰਦਾ ਤਾਂ ਮਰਾਠੀ ਅਤੇ ਨੇਪਾਲੀ ਦੇਵਨਾਗਰੀ ਵਿਚ ਲਿਖੀਆਂ ਜਾਂਦੀਆਂ ਹਨ ਅਤੇ ਵੱਖਰੀਆਂ ਭਾਸ਼ਾਵਾਂ ਦੇ ਰੂਪ ਵਿਚ ਉਨ੍ਹਾਂ ਦੀ ਪਹਿਚਾਣ ਹੈ ਅਤੇ ਵਿਕਾਸ ਹੋਇਆ ਹੈ।

ਕਸ਼ਮੀਰੀ, ਸਿੰਧੀ ਅਤੇ ਪਾਕਿਸਤਾਨ ਵਿਚ ਪੰਜਾਬੀ, ਫਾਰਸੀ ਲਿੱਪੀ ਵਿਚ ਲਿਖੀ ਜਾਂਦੀ ਹੈ ਤਾਂ ਇੰਜ ਭਾਸ਼ਾ ਦੀ ਪਹਿਚਾਣ ਤਾਂ ਖਤਮ ਨਹੀਂ ਹੋ ਜਾਂਦੀ। ਦਰਅਸਲ ਦੇਵਨਾਗਰੀ ਵਿਚ ਉਰਦੂ ਸਾਹਿਤ ਆ ਜਾਵੇਗਾ ਅਤੇ ਇਹਨੂੰ ਕਰੋੜਾਂ ਪਾਠਕ ਮਿਲਣਗੇ ਇਸ ਤਰ੍ਹਾਂ ਉਰਦੂ ਸਾਹਿਤ ਵੱਡੇ ਪਾਠਕ ਵਰਗ ਤੱਕ ਪਹੁੰਚੇਗਾ। ਉਸਦਾ ਸੀਮਤ ਸੰਸਾਰ ਸਮਾਪਤ ਹੋ ਜਾਵੇਗਾ ਅਤੇ ਖੜੋਤ ਵੀ ਖਤਮ ਹੋਵੇਗੀ। ਉਰਦੂ ਵਿਚ ਉਨ੍ਹਾਂ ਦੀ ਇਸ ਗੱਲ 'ਤੇ ਤਿੱਖਾ ਵਿਰੋਧ ਹੋਇਆ। ਉਨ੍ਹਾਂ ਉੱਤੇ ਤਰ੍ਹਾਂ ਤਰ੍ਹਾਂ ਦੇ ਦੋਸ਼ ਲਾਏ ਗਏ ਅਤੇ ਇਹ ਵੀ ਕਿਹਾ ਗਿਆ ਕਿ ਰਾਹੀ ਮੌਕਾਪ੍ਰਸਤੀ ਕਰ ਰਹੇ ਹਨ ਅਤੇ ਸਸਤੀ ਸ਼ੋਹਰਤ ਪਰਾਪਤ ਕਰਨ ਵਾਸਤੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਪਰ ਰਾਹੀ ਇਕ ਵਿਸ਼ਾਲ ਅਸੂਲੀ ਸਿਧਾਂਤ ਦੇ ਅਧਾਰ 'ਤੇ ਇਹ ਗੱਲ ਕਰ ਰਹੇ ਸਨ। ਉਹ ਇਹ ਮਹਿਸੂਸ ਕਰ ਰਹੇ ਸਨ ਕਿ ਇਸ ਨਾਲ ਭਾਸ਼ਾ ਦੀ ਸਿਆਸਤ ਕਰਨ ਵਾਲੇ ਸਵਾਰਥੀ ਹਿੱਤ ਕਮਜ਼ੋਰ ਹੋਣਗੇ।

24 ਨਵੰਬਰ 1991 ਨੂੰ ਰਾਹੀ ਆਖਰੀ ਵਾਰ ਅਲੀਗੜ੍ਹ ਆਏ। ਇਸ ਵਾਰ ਆਪਣੇ ਨਾਲ ਉਹ ਇਕ ਨਵਾਂ ਸੁਝਾਅ ਲਿਆਏ "ਸਿਨਮੇ ਨੂੰ ਸਾਹਿਤਕ ਪਾਠਕ੍ਰਮ ਦਾ ਅੰਗ ਬਨਾਇਆ ਜਾਣਾ ਚਾਹੀਦਾ"। ਅਸੀਂ ਸਾਰੇ ਫਿਲਮਾਂ 'ਤੇ ਚਰਚਾ ਕਰਦੇ ਹਾਂ। ਉਨ੍ਹਾਂ ਦੇ ਨੀਵੇਂ ਪੱਧਰ 'ਤੇ ਨੱਕ-ਮੂੰਹ ਚਾੜ੍ਹਦੇ ਹਾਂ। ਪਰ ਸਾਡੀਆਂ ਯੂਨੀਵਰਸਿਟੀਆਂ ਇਸ ਪਾਸੇ ਵਿਸ਼ੇਸ਼ ਪੱਧਰ 'ਤੇ ਗੰਭੀਰ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਫਿਲਮ ਅਜਿਹਾ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਹਰ ਇਕ ਪੀੜ੍ਹੀ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਨੱਕ-ਮੂੰਹ ਚੜ੍ਹਾਉਣ ਨਾਲ ਜਾਂ ਸਿਨਮੇ ਨੂੰ ਅਛੂਤ ਮੰਨਣ ਨਾਲ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।

ਅੱਜ ਸਿਨਮਾ ਛਪੀਆਂ ਹੋਈਆਂ ਕਿਤਾਬਾਂ ਅਤੇ ਰਸਾਲਿਆਂ ਤੋਂ ਕਈ ਗੁਣਾ ਵੱਧ ਸ਼ਕਤੀਸ਼ਾਲੀ ਹੈ। ਇਸ ਕਰਕੇ ਯੂਨੀਵਰਸਿਟੀਆਂ ਨੂੰ ਗੰਭੀਰ ਰੂਪ ਵਿਚ ਇਸ ਪਾਸੇ ਸੋਚਣਾ ਚਾਹੀਦਾ ਹੈ। ਹੁਣ ਉਹ ਸਿਨਮੇ ਨੂੰ ਆਪਣੇ ਪਾਠਕ੍ਰਮਾ ਵਿਚ ਸ਼ਾਮਲ ਕਰਨ।

ਉਨ੍ਹਾਂ ਨੇ ਬਹਿਸ ਨੂੰ ਅੱਗੇ ਵਧਾਉਂਦੇ ਹੋਏ ਕਿਹਾ ਕਿ 'ਪੱਤਰਕਾਰੀ ਅਤੇ ਖੇਡਾਂ ਵੀ ਕਦੇ ਸਾਡੇ ਪਾਠਕ੍ਰਮਾਂ ਦਾ ਹਿੱਸਾ ਨਹੀਂ ਸਨ ਪਰ ਅੱਜ ਉਹ ਵੀ ਪਾਠਕ੍ਰਮਾ ਦੇ ਹਿੱਸੇ ਹਨ'। ਹਮੇਸ਼ਾ ਵਾਂਗ ਸ਼ਾਮ ਨੂੰ ਜਦੋਂ ਉਹ ਘਰ ਆਏ ਤਾਂ ਹਿੰਦੀ-ਉਰਦੂ ਪਾਠਕ੍ਰਮ 'ਤੇ ਮੇਰੇ ਨਾਲ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਉਨ੍ਹਾਂ ਕਿਹਾ –"ਯਾਰ! ਉਰਦੂ ਵਾਲੇ ਨਹੀਂ ਕੁੱਝ ਕਰਦੇ ਤਾਂ ਤੁਸੀਂ ਹੀ ਕੁੱਝ ਕਰੋ। ਉਰਦੂ ਦੇ ਕਵੀਆਂ ਨੂੰ ਹਿੰਦੀ ਵਿਚ ਪੜ੍ਹਾਉਣਾ ਸ਼ੁਰੂ ਕਰੋ। ਹਿੰਦੀ ਵਾਲਿਆਂ ਦੀ ਇਹ ਬੜੀ ਬੇਈਮਾਨੀ ਵਾਲੀ ਗੱਲ ਹੈ ਕਿ ਉਹ ਉਰਦੂ ਨੂੰ ਹਿੰਦੀ ਦੀ ਇਕ ਸ਼ੈਲੀ ਤਾਂ ਮੰਨਦੇ ਹਨ ਅਤੇ ਮੈਂ ਵੀ ਮੰਨਦਾ ਹਾਂ ਕਿ ਉਰਦੂ ਹਿੰਦੀ ਦੀ ਇਕ ਸ਼ੈਲੀ ਹੈ। ਇਹ ਗੱਲ ਲੋਕ ਪੰਜਾਹ ਸਾਲ ਤੋਂ ਕਹਿ ਰਹੇ ਹਨ। ਪਰ ਵਿਹਾਰ ਵਿਚ ਕਿਸੇ ਵੀ ਯੂਨੀਵਰਸਿਟੀ ਨੇ ਉਰਦੂ ਦੇ ਸਾਹਿਤਕਾਰਾਂ ਨੂੰ ਆਪਣੇ ਪਾਠਕ੍ਰਮਾਂ ਵਿਚ ਸ਼ਾਮਲ ਨਹੀਂ ਕੀਤਾ। ਤੁਸੀਂ ਰਾਜਿਸਥਾਨੀ, ਬ੍ਰਿਜ, ਅਵਧੀ, ਭੋਜਪੁਰੀ ਤੇ ਮੈਥਿਲੀ ਆਦਿ ਦੇ ਕਵੀਆਂ ਨੂੰ ਆਪਣੇ ਪਾਠਕ੍ਰਮਾਂ ਵਿਚ ਪੜ੍ਹਾ ਰਹੇ ਹੋ ਤਾਂ ਵਲੀ ਦੱਖਣੀ, ਮੀਰ, ਅਨੀਸ, ਗਾਲਿਬ ਤੇ ਨਜ਼ੀਰ ਅਕਬਰਾਵਾਦੀ ਨੂੰ ਜੋ ਉਨ੍ਹਾਂ ਦੇ ਮੁਕਾਬਲੇ ਵਧੇਰੇ ਸੌਖੇ ਹਨ, ਕਿਉਂ ਨਹੀਂ ਪੜ੍ਹਾਉਂਦੇ? ਅਸਲ ਵਿਚ ਇਕ ਅਜਿਹਾ ਪਾਠਕ੍ਰਮ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਉਰਦੂ ਦੇ ਇਨ੍ਹਾਂ ਪ੍ਰਸਿੱਧ ਲੇਖਕਾਂ ਦੀਆਂ ਪ੍ਰਤੀਨਿੱਧ ਰਚਨਾਵਾਂ ਬਾਰੇ ਜਾਣਕਾਰੀ ਵਿਦਿਆਰਥੀਆਂ ਨੂੰ ਮਿਲ ਸਕੇ। ਦੀਵਾਰਾਂ ਨੂੰ ਤੋੜਨ ਦਾ ਇਸ ਤੋਂ ਬਿਨਾ ਕੋਈ ਤਰੀਕਾ ਨਹੀਂ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਸ ਕੰਮ ਵਿਚ ਸਹਿਯੋਗ ਦੇ ਸਕਦੇ ਸੀ ਪਰ ਤੁਸੀਂ ਇੰਨੇ ਰੁੱਝੇ ਹੋਏ ਹੋ ਕਿ ਚਾਹੁੰਦੇ ਹੋਏ ਵੀ ਤੁਸੀਂ ਕੁੱਝ ਨਹੀਂ ਕਰ ਰਹੇ। ਉਹ ਗੰਭੀਰ ਹੋ ਕੇ ਮੈਨੂੰ ਕਹਿਣ ਲੱਗੇ – ਇਹ ਕੰਮ ਤਾਂ ਪਹਿਲ ਦੇ ਅਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ।

ਰਾਹੀ ਜਿੱਦੀ ਸੁਭਾਅ ਦੇ ਸਨ। ਇਕ ਗੱਲ ਯਾਦ ਆ ਰਹੀ ਹੈ। ਜਦੋਂ ਬੀ. ਆਰ. ਚੋਪੜਾ ਨੇ ਉਨ੍ਹਾਂ ਨੂੰ ਮਹਾਂਭਾਰਤ ਦੀ ਪਟਕਥਾ ਲਿਖਣ ਲਈ ਕਿਹਾ ਤਾਂ ਉਨ੍ਹਾਂ ਜਵਾਬ ਦੇ ਦਿੱਤਾ ਕਿ ਕਿਸੇ ਹੋਰ ਤੋਂ ਲਿਖਵਾ ਲਉ। ਇਕ ਦਿਨ ਉਹ (ਬੀ.ਆਰ.ਚੋਪੜਾ) ਆਪਣੇ ਨਾਲ ਇਕ ਖ਼ਤ ਲੈ ਕੇ ਆਏ ਜੋ ਇਕ ਉੱਘੇ ਪਾਰਲੀਮੈਂਟ ਮੈਂਬਰ ਦਾ ਸੀ ਜਿਸ ਵਿਚ ਲਿਖਿਆ ਹੋਇਆ ਸੀ ਕਿ ਤੁਹਾਨੂੰ ਮੁਸਲਮਾਨ ਹੀ ਮਿਲਿਆ ਹੈ

**(ਬਾਕੀ ਅਗਲੇ ਸਫੇ 'ਤੇ)**

# ਰਾਹੁਲ ਗਾਂਧੀ ਉਦੋਂ ਅਤੇ ਹੁਣ- ਏਕੀਕਰਣ ਦੇ ਸੰਦਰਭ ਵਿਚ



- ਫਤਿਹਜੰਗ ਸਿੰਘ
91-98726-70278

ਇਹ ਉਹਨਾਂ ਦਿਨਾਂ ਦਾ ਵਾਕਿਆ ਹੈ ਜਦੋਂ 2014 ਵਿਚ ਕਾਂਗਰਸ ਨੂੰ ਜ਼ਬਰਦਸਤ ਹਾਰ ਦਾ ਮੂੰਹ ਵੇਖਣਾ ਪਿਆ ਅਤੇ ਹਰ ਪਾਸੇ ਭਾਜਪਾ ਦੀ ਜਿੱਤ ਦੇ ਝੰਡੇ ਗੱਡੇ ਗਏ ਸਨ। ਕਾਂਗਰਸ ਨੂੰ ਇੱਡੀ ਵੱਡੀ ਹਾਰ ਦੀ ਉਮੀਦ ਨਹੀਂ ਸੀ। ਹਾਰ ਦੇ ਕਾਰਨਾਂ ਨੂੰ ਲੱਭਣ ਲਈ ਕਾਂਗਰਸ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਇਹੋ ਜਿਹੀ ਹੀ ਇਕ ਮੀਟਿੰਗ ਉਸ ਵੇਲੇ ਦੇ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਚੰਡੀਗੜ੍ਹ ਵਿਚ ਲੈ ਰਹੇ ਸਨ। ਕਾਂਗਰਸ ਨੂੰ ਇਕ ਇਹ ਵੀ ਕਾਰਨ ਜਾਪ ਰਿਹਾ ਸੀ ਕਿ ਦਲਿਤਾਂ ਨੇ ਇਸ ਵਾਰੀ ਕਾਂਗਰਸ ਦਾ ਸਾਥ ਬਿਲਕੁਲ ਨਹੀਂ ਦਿੱਤਾ, ਜਿਸਨੂੰ ਉਹ ਆਪਦਾ ਚੋਖਾ ਵੋਟ ਬੈਂਕ ਮੰਨਦੀ ਆਈ ਸੀ। ਮੀਟਿੰਗ ਦਾ ਮੁੱਖ ਮੁੱਦਾ ਇਹੀ ਸੀ ਕਿ ਦਲਿਤਾਂ ਦੀ ਨਰਾਜ਼ਗੀ ਦਾ ਕੀ ਕਾਰਨ ਹੈ ਅਤੇ ਉਹ ਕਿਵੇਂ ਦੂਰ ਕੀਤਾ ਜਾ ਸਕਦਾ ਹੈ ਤਾਂ ਜੋ ਉਹਨਾਂ ਦਾ ਕਾਂਗਰਸ ਵਿਚ ਮੁੜ ਵਿਸ਼ਵਾਸ ਬਣ ਜਾਵੇ।

ਇਹ ਮੀਟਿੰਗ ਖੁੱਲ੍ਹੇਆਮ ਨਹੀਂ ਸੀ। ਬੰਦੇ ਵੀ ਗਿਣਵੇਂ ਚੁਣਵੇਂ ਹੀ ਬੁਲਾਏ ਗਏ ਸਨ। ਪੰਜਾਬ ਯੂਨੀਵਰਸਿਟੀ ਦੇ ਕੁਝ ਪ੍ਰੋਫੈਸਰ, ਕੁਝ ਹਾਈ ਕੋਰਟ ਦੇ ਵਕੀਲ, ਕੁਝ ਰਿਟਾਇਰਡ ਆਈ. ਏ ਐਸ. ਅਫਸਰ, ਕੁਝ ਲੇਖਕ ਅਤ ਕੁਝ ਸਭਾਵਾਂ ਦੇ ਅਹੁਦੇਦਾਰ। ਮੇਰਾ ਪਤਾ ਨਹੀਂ ਕਿੱਧਰੋਂ ਨਾਂ ਪਿਆ ਸੀ। ਇਸ ਮੀਟਿੰਗ ਨੂੰ ਬਿਲਕੁਲ ਗੁਪਤ ਰੱਖਿਆ ਗਿਆ ਸੀ। ਖਾਸ ਕਰਕੇ ਮੀਡੀਆ ਨੂੰ ਖ਼ਬਰ ਨਹੀਂ ਸੀ ਕੀਤੀ ਗਏ। ਜੇ ਕੋਈ ਆਇਆ ਵੀ ਤਾਂ ਅੰਦਰ ਨਹੀਂ ਸੀ ਆਉਣ ਦਿੱਤਾ ਗਿਆ। ਕੁੱਲ ਮਿਲਾ ਕੇ 30 ਕੁ ਜਣੇ ਬਣਦੇ ਸਨ। ਦੱਸਿਆ ਗਿਆ ਸੀ ਕਿ ਰਾਹੁਲ ਗਾਂਧੀ ਇਸ ਮਸਲੇ ’ਤੇ ਆਪ ਆਹਮੋ-ਸਾਹਮਣੇ ਸਿੱਧਾ ਵਿਚਾਰ ਵਟਾਂਦਰਾ ਕਰਨਾ ਚਾਹੁੰਦੇ ਹਨ।

ਜਦੋਂ ਮੈਨੂੰ ਦੋ ਦਿਨ ਪਹਿਲਾਂ ਇਸ ਮੀਟਿੰਗ ਬਾਰੇ ਪ੍ਰਬੰਧਕ ਦਾ ਫੋਨ ਆਇਆ ਸੀ ਤਾਂ ਮੈਂ ਉਹਨਾਂ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਮੈਂ ਚਾਪਲੂਸੀ ਨਹੀਂ ਕਰ ਸਕਾਂਗਾ ਤੇ ਜੋ ਮੈਨੂੰ ਸਹੀ ਲੱਗੇਗਾ ਮੈਂ ਆਖ ਦੇਵਾਂਗਾ, ਭਾਵੇਂ ਉਹ ਨਰਾਜ਼ ਹੋਣ ਜਾਂ ਗੁੱਸਾ ਕਰਨ। ਜੇ ਇਹ ਮਨਜ਼ੂਰ ਹੈ ਤਾਂ ਮੈਂ ਆ ਜਾਂਦਾ ਹਾਂ, ਨਹੀਂ ਤਾਂ ਮਾਫ਼ੀ ਦਿਓ। ਉਹਨਾਂ ਨੇ ਕਿਹਾ ਕਿ ਮੈਨੂੰ ਪਤਾ ਹੈ ਇਸੇ ਲਈ ਤੁਹਾਨੂੰ ਬੁਲਾ ਰਹੇ ਹਾਂ। ਤੁਸੀਂ ਜੋ ਠੀਕ ਸਮਝੋ ਆਖ ਸਕਦੇ ਹੋ, ਕੋਏ ਰੁਕਾਵਟ ਨਹੀਂ। ਰਾਹੁਲ ਜੀ ਅਸਲੀਅਤ ਹੀ ਜਾਨਣਾ ਚਾਹੁੰਦੇ ਹਨ। ਮੇਰੇ ਵੱਲੋਂ ਸ਼ੱਕ ਪ੍ਰਗਟ ਕਰਨ ’ਤੇ ਉਹਨਾਂ ਵਿਸ਼ਵਾਸ ਦਿਵਾਇਆ ਕਿ ਤੁਹਾਨੂੰ ਵਕਤ ਵੀ ਦਿੱਤਾ ਜਾਵੇਗਾ ਅਤੇ ਬੋਲਣ ਲਏ ਖੁੱਲ੍ਹ ਵੀ ਦਿੱਤੀ ਜਾਵੇਗੀ। ਮੇਰੇ ਪੁੱਛਣ ਤੇ ਉਹਨਾਂ ਆਪਣਾ ਨਾਂ ਅਮਰ ਸਿੰਘ ਦੱਸਿਆ ਅਤੇ ਕਿਹਾ ਕਿ ਉਹ ਰਿਟਾਇਰਡ ਆਈ. ਏ. ਐਸ. ਹਨ।

ਖੈਰ, ਮੈਂ ਨਿਸ਼ਚਿਤ ਮੌਕੇ ’ਤੇ ਪਹੁੰਚ ਗਿਆ। ਸਕਿਊਰਟੀ ਦਾ ਸਖ਼ਤ ਪ੍ਰਬੰਧ ਸੀ। ਜਿਨ੍ਹਾਂ ਨੂੰ ਬੁਲਾਇਆ ਗਿਆ ਸੀ ਉਹਨਾਂ ਦੀ ਸੂਚੀ ਬਣੀ ਹੋਏ ਸੀ ਤੇ ਚੈੱਕ ਕਰਕੇ ਅੰਦਰ ਦਾਖਲ ਹੋਣ ਦਿੱਤਾ ਜਾਂਦਾ ਸੀ। ਸ. ਅਮਰ ਸਿੰਘ ਹੁਰਾਂ ਨੂੰ ਮੈਂ ਉਥੇ ਹੀ ਪਹਿਲੀ ਵਾਰ ਮਿਲ ਰਿਹਾ ਸੀ। ਬੜੇ ਨਿੱਘੇ ਸੁਭਾਅ, ਸੱਚੀ ਸੁੱਚੀ ਦਿੱਖ, ਚੰਗੇ ਲਹਿਜ਼ੇ ਅਤੇ ਸਲੀਕੇ ਵਾਲੀ ਬੋਲੀ ਬੋਲਣ ਵਾਲੇ ਸੱਜਣ ਪੁਰਸ਼ ਸਨ ਉਹ। ਬੜੇ ਪਿਆਰ ਨਾਲ ਉਹਨਾਂ ਨੇ ਮੈਨੂੰ ਅੱਗੇ ਜਿਹੇ ਕਰਕੇ ਸੀਟ ’ਤੇ ਬਿਠਾਇਆ। ਮੇਰੇ ਖੱਬੇ ਪਾਸੇ ਉਸ ਵੇਲੇ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਪ੍ਰਤਾਪ ਸਿੰਘ ਬਾਜਵਾ ਬੈਠੇ ਸਨ, ਉਹਨਾਂ ਤੋਂ ਅੱਗੇ ਰਾਹੁਲ ਗਾਂਧੀ ਨਾਲ ਆਏ ਕੋਈ ਅਫਸਰ ਸਨ ਤੇ ਫਿਰ ਰਾਹੁਲ ਗਾਂਧੀ ਦੀ ਖਾਲੀ ਕੁਰਸੀ ਸੀ। ਉਹ ਹਾਲੇ ਆਏ ਨਹੀਂ ਸਨ। ਮੇਰੇ ਸਾਹਮਣੇ ਅਤੇ ਸੱਜੇ ਪਾਸੇ ਅੰਡਾਕਰ ਵਿਚ ਲਾਈਆਂ ਸਾਰੀਆਂ ਕੁਰਸੀਆਂ ਭਰ ਗਈਆਂ ਸਨ। ਮਿੱਥੇ ਸਮੇਂ ’ਤੇ ਰਾਹੁਲ ਗਾਂਧੀ ਆ ਗਏ। ਹਾਲ ਦੇ ਦਰਵਾਜ਼ੇ ਨੂੰ ਕੁੰਡੀ ਮਾਰ ਲਈ ਗਈ। ਮੈਂ ਹੈਰਾਨ ਸੀ ਕਿ ਸਿਆਸੀ ਆਗੂ ਕੀ ਤੇ ਵਕਤ ਦੀ ਪਾਬੰਦੀ ਕੀ। ਪਹਿਲਾ ਪ੍ਰਭਾਵ ਚੰਗਾ ਪਿਆ। ਸ. ਅਮਰ ਸਿੰਘ ਹੁਰਾਂ ਨੇ ਮੀਟਿੰਗ ਦਾ ਪ੍ਰਯੋਜਨ ਸਮਝਾਇਆ ਕਿ ਰਾਹੁਲ ਜੀ ਜਾਨਣਾ ਚਾਹੁੰਦੇ ਹਨ ਕਿ ਕਾਂਗਰਸ ਦੀ ਹਾਰ ਵਿਚ ਦਲਿਤਾਂ ਨੇ ਕਿਉਂ ਹਿੱਸਾ ਪਾਇਆ? ਉਹ ਕਿਹੜੀ ਗੱਲੋਂ ਨਰਾਜ਼ ਹਨ ਅਤੇ ਕੀ ਚਾਹੁੰਦੇ ਹਨ? ਹਰ ਕੋਈ ਬੇਬਾਕੀ ਨਾਲ ਆਪਣੇ ਵਿਚਾਰ ਰੱਖ ਸਕਦਾ ਹੈ। ਸਮਾਂ ਸੀਮਾ 10 ਮਿੰਟ ਪ੍ਰਤੀ ਵਿਅਕਤੀ ਰੱਖੀ ਗਈ ਸੀ। ਮੇਰੇ ਸਾਹਮਣੇ ਰਾਹੁਲ ਗਾਂਧੀ ਬੈਠੇ ਸਨ ਜੋ ਕਿਸੇ ਸਿਆਸੀ ਪਾਰਟੀ ਦੇ ਆਗੂ ਬਿਲਕੁਲ ਨਹੀਂ ਸੀ ਲੱਗ ਰਹੇ। ਸ਼ੁਬਕ ਜਿਹਾ ਸਰੀਰ, ਹੱਸਮੁਖ ਤੇ ਸਾਫ ਦਿਲ ਜਾਪਣ ਵਾਲਾ ਨੌਜਵਾਨ। ਮੈਂ ਸੋਚ ਰਿਹਾ ਸੀ ਕਿ ਕਿੰਨਾ ਚੰਗਾ ਹੋਵੇ ਜੇ ਇਹ ਨੌਜਵਾਨ ਆਪਣੇ ਦਿਲ, ਦਿਮਾਗ, ਚਿਹਰੇ ’ਤੇ ਗੰਦੀ ਸਿਆਸਤ ਦੇ ਕਾਲੇ ਦਾਗ ਨਾ ਪੈਣ ਦੇਵੇ ਤੇ ਅੰਦਰੋਂ-ਬਾਹਰੋਂ ਇਸੇ ਤਰ੍ਹਾਂ ਰਹੇ। ਜੇ ਇਸਨੇ ਸਿਆਸਤ ਵਿਚ ਆਉਣਾ ਹੀ ਹੈ ਤਾਂ ਚੰਗੀ ਸਿਆਸਤ ਦੀ ਚੰਗੀ ਇਬਾਰਤ ਲਿਖੇ। ਆਮ ਜਨਤਾ ਚੁਸਤ, ਚਲਾਕ, ਕਲਾਬਾਜ਼, ਝੂਠੇ, ਫਰੇਬੀ ਜਿਹੇ ਸਿਆਸਤਦਾਨਾਂ ਤੋਂ ਤੰਗ ਆ ਚੁੱਕੀ ਹੈ। ਪਰ ਇਹ ਸਭ ਕੁਝ ਹਾਲੇ ਭਵਿੱਖ ਦੇ ਪੇਟ ਵਿਚ ਸੀ।

ਸਭ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਦੇ ਡਾ. ਰੌਣਕੀ ਰਾਮ ਨੂੰ ਸਮਾਂ ਦਿੱਤਾ ਗਿਆ। ਉਹਨਾਂ ਦੀ ਦਲਿਤਾਂ ਦੀਆਂ ਸਮੱਸਿਆਵਾਂ ਤੇ ਚੰਗੀ ਪਕੜ ਹੈ। ਉਹ ਬੜਾ ਕੁਝ ਕਹਿਣਾ ਚਾਹੁੰਦੇ ਸਨ, ਇਸ ਲਈ ਸਮਾਂ ਵੀ ਕੁਝ ਜ਼ਿਆਦਾ ਹੀ ਲੈ ਗਏ। ਉਹਨਾਂ ਨੇ ਚੰਗਾ ਖੋਜ ਪੱਤਰ ਤਿਆਰ ਕਰ ਲਿਆ ਹੋਇਆ ਸੀ। ਫਿਰ ਵਾਰੀ ਆਈ ਰਿਟਾਇਰਡ ਆਈ. ਏ. ਐਸ. ਆਰ. ਐਲ. ਕਲਸੀਆ ਦੀ। ਉਹਨਾਂ ਪਹਿਲਾਂ ਹੀ ਆਖ ਦਿੱਤਾ ਕਿ ਉਹ ਰਿਟਾਇਰਡ ਆਈ. ਏ. ਐਸ. ਦੀ ਇਕ ਸੰਸਥਾ ਦੇ ਨੁਮਾਇੰਦੇ ਵਜੋਂ ਆਏ ਹਨ, ਇਸ ਲਈ ਸਮਾਂ ਕੁਝ ਵੱਧ ਚਾਹੀਦਾ ਹੈ। ਉਹਨਾਂ ਨੇ ਵੀ ਚੰਗਾ ਪਰਚਾ ਤਿਆਰ ਕੀਤਾ ਹੋਇਆ ਸੀ। ਹਰ ਕੋਈ ਆਪਣੇ ਨਿਸ਼ਚਿਤ ਸਮੇਂ ਤੋਂ ਵੱਧ ਸਮਾਂ ਲੈਂਦਾ ਗਿਆ। ਨਤੀਜੇ ਵਜੋਂ ਹਾਲੇ 7-8 ਜਣੇ ਹੀ ਬੋਲ ਸਕੇ ਸਨ ਕਿ ਮੀਟਿੰਗ ਦਾ ਸਮਾਂ ਸਮਾਪਤ ਹੋ ਗਿਆ। ਰਾਹੁਲ ਗਾਂਧੀ ਨੇ ਅਗਲੀ ਮੀਟਿੰਗ ਵਿਚ ਵੀ ਜਾਣਾ ਸੀ। ਉਹ ਕਹਿਣ ਲੱਗੇ ਜੋ ਕੋਈ ਲਿਖਿਆ ਦੇਣਾ ਚਾਹੁੰਦਾ ਹੈ, ਦੇ ਦੇਵੇ ਹੁਣ ਮੈਂ ਜਾਣਾ ਹੈ। ਸ. ਅਮਰ ਸਿੰਘ ਨੇ ਮੈਨੂੰ ਇਸ਼ਾਰੇ ਨਾਲ ਪੁੱਛਿਆ ਕਿ ਬੋਲਣਾ ਹੈ? ਮੇਰੇ ਹਾਂ ਕਰਨ ’ਤੇ ਉਹ ਰਾਹੁਲ ਗਾਂਧੀ ਨੂੰ ਕਹਿਣ ਲੱਗੇ ਕਿ ਮੇਰੇ ਦੋ ਖਾਸ ਸਾਥੀ ਰਹਿ ਗਏ ਹਨ,



ਜੇ ਇਜਾਜ਼ਤ ਦਿਓ ਤਾਂ ਉਹਨਾਂ ਨੂੰ ਦੋ-ਦੋ ਮਿੰਟ ਦੇ ਦਈਏ? ਸਹਿਮਤੀ ਮਿਲਣ ਤੇ ਉਹਨਾਂ ਮੇਰਾ ਨਾਂ ਬੋਲ ਦਿੱਤਾ। ਮੇਰੀ ਜਾਣ-ਪਛਾਣ ਕਰਾਉਣ ਲੱਗਿਆ ਉਹਨਾਂ ਨੇ ਦੱਸਿਆ ਕਿ ਇਹਨਾਂ ਨੇ ਲੰਮਾ ਸਮਾਂ ’ਬਾਮਸੇਫ’ ਵਿਚ ਕਾਂਸ਼ੀ ਰਾਮ ਜੀ ਨਾਲ ਕੰਮ ਕੀਤਾ ਹੈ ਤੇ ਲਿਖਦੇ ਵੀ ਹਨ ਪਰ ਰਾਹੁਲ ਗਾਂਧੀ ਨੇ ਸਹਿਜ ਸੁਭਾਅ ਇਕ ਹੋਰ ਹੀ ਸਵਾਲ ਮੈਨੂੰ ਪਾ ਦਿੱਤਾ:

ਸਰਦਾਰ ਸਾਹਿਬ ਆਪਕੀ ਉਮਰ ਕਿਆ ਹੋਗੀ?

ਜੀ 68 ਸਾਲ

ਕਿਤਨੀ?

ਪ੍ਰਤਾਪ ਸਿੰਘ ਬਾਜਵਾ ਜੋ ਮੇਰੇ ਖੱਬੇ ਬੈਠੇ ਸਨ ਉਹਨਾਂ ਕਿਹਾ:

ਸਰ ਅਠਸਠ ਸਾਲ ਬੋਲ ਰਹੇ ਹੈਂ।

ਬਹੁਤ ਅੱਛਾ, ਹਮ ਆਪਸੇ ਅੱਛੀ ਸਿਹਤ ਰਖਨੇ ਕੇ ਨੁਸਖੇ ਭੀ ਸੀਖੇਂਗੇ। ਹੱਸਦਿਆਂ ਕਿਹਾ।

ਹਾਂ ਜੀ, ਬੋਲੀਏ ਸਰਦਾਰ ਸਾਹਿਬ, ਮੈਨੂੰ ਇਸ਼ਾਰਾ ਕੀਤਾ।

ਤਿਆਰੀ ਤਾਂ ਮੇਰੀ ਵੀ 10-15 ਮਿੰਟਾਂ ਦੀ ਸੀ ਪਰ ਮੈਂ ਰਾਹੁਲ ਜੀ ਦੀ ਵਕਤ ਦੀ ਪਾਬੰਦੀ ਤੋਂ ਪ੍ਰਭਾਵਿਤ ਹੋ ਕੇ ਆਪਣਾ ਲੈਕਚਰ ਛੋਟਾ ਕਰਕੇ ਜ਼ਰੂਰੀ ਗੱਲਾਂ ਨੂੰ ਦੋ ਮਿੰਟਾਂ ਵਿਚ ਹੀ ਨਿਪਟਾਉਣ ਦੀ ਸੋਚ ਲਈ ਸੀ। ਦੂਜਾ ਉਹਨਾਂ ਦੀ ਹੱਸਮੁਖ, ਸਹਿਜ ਅਵਸਥਾ ਤੇ ਭੋਲੇਪਣ ਕਾਰਨ ਮੇਰਾ ਦਿਲ ਨਹੀਂ ਸੀ ਕਰ ਰਿਹਾ ਕਿ ਮੈਂ ਉਹਨਾਂ ਨੂੰ ਖਰੀਆਂ-ਖਰੀਆਂ ਸੁਣਾਵਾਂ। ਪਰ ਫਿਰ ਸਚਾਈ ਤਾਂ ਦੱਸਣੀ ਹੀ ਸੀ। ਮੈਂ ਜੋ ਕੁਝ ਕਿਹਾ ਉਸਦਾ ਸਾਰੰਸ਼ ਇਸ ਤਰ੍ਹਾਂ ਸੀ:-

’’ਰਾਹੁਲ ਜੀ, ਦਿੱਲੀ ਤਖਤ ’ਤੇ ਬਹੁਤਾ ਕਰਕੇ ਤੁਹਾਡੀ ਪਾਰਟੀ ਦਾ ਰਾਜ ਰਿਹਾ ਹੈ। ਦਹਾਕਿਆਂ ਤੱਕ ਰਾਜ ਕਰਨ ਤੋਂ ਬਾਅਦ ਵੀ ਲੋਕਾਂ ਦੀ ਗਰੀਬੀ ਦਾ ਕੀ ਹਾਲ ਹੈ, ਤੁਹਾਡੇ ਸਨਮੁਖ ਰੱਖਦਾ ਹਾਂ। ਸੈਨ ਦਾਸ ਗੁਪਤਾ ਰਿਪੋਰਟ ਕੁਝ ਸਾਲ ਪਹਿਲਾਂ ਪਾਰਲੀਮੈਂਟ ਵਿਚ ਪੇਸ਼ ਹੋਈ ਸੀ, ਜਿਸਦੇ ਅੰਕੜੇ ਅੱਖਾਂ ਖੋਲ੍ਹਣ ਵਾਲੇ ਸਨ। ਇਸ ਰਿਪੋਰਟ ਅਨੁਸਾਰ ਭਾਰਤ ਦੇ ਸਭ ਤੋਂ ਹੇਠਲੇ ਗਰੀਬ ਜਿਨ੍ਹਾਂ ਦੀ ਗਿਣਤੀ 29 ਕਰੋੜ ਹੈ, ਉਹ ਛੇ ਰੁਪਏ ਦਿਹਾੜੀ ਤੇ ਗੁਜ਼ਾਰਾ ਕਰਦੇ ਹਨ। ਇਹਨਾਂ ਤੋਂ ਉਪਰਲੇ 26 ਕਰੋੜ ਦੀ ਦਿਹਾੜੀ ਗਿਆਰਾਂ ਰੁਪਏ ਹੈ ਅਤੇ ਇਹਨਾਂ ਤੋਂ ਉਪਰਲੇ 28 ਕਰੋੜਾਂ ਦੀ ਦਿਹਾੜੀ 20 ਰੁਪਏ ਹੈ। ਇੰਝ ਇਹਨਾਂ 83 ਕਰੋੜ ਲੋਕਾਂ ਦੀ ਔਸਤ ਦਿਹਾੜੀ 12.30 ਰੁਪਏ ਬਣਦੀ ਹੈ। ਇਹਨਾਂ ਵਿਚ ਬਹੁਗਿਣਤੀ ਦਲਿਤਾਂ ਦੀ ਹੈ। ਤੁਸੀਂ ਸੋਚੋ ਕਿ ਇਸ ਦਿਹਾੜੀ ਨਾਲ ਉਹ ਕਿਵੇਂ ਪੇਟ, ਸਿਰਫ਼ ਪੇਟ ਭਰਦੇ ਹੋਣਗੇ, ਹੋਰ ਲੋੜਾਂ ਸਹੂਲਤਾਂ ਪਾਸੇ ਰੱਖ ਦਿਓ।

ਦੂਜੀ ਰਿਪੋਰਟ ਵੀ ਇਕ ਸਵਾਲ ਦੇ ਜਵਾਬ ਵਿਚ ਪਾਰਲੀਮੈਂਟ ਵਿਚ ਪੇਸ਼ ਹੋਏ ਸੀ ਜੋ ਦਲਿਤਾਂ ’ਤੇ ਜਬਰ ਜ਼ੁਲਮ ਅਤੇ ਅਤਿਆਚਾਰਾਂ ਬਾਰੇ ਸੀ। ਇਸ ਅਨੁਸਾਰ ਹਰ ਸਾਲ 15 ਹਜ਼ਾਰ (ਹੁਣ ਕਿਤੇ ਵੱਧ ਹਨ) ਦਲਿਤਾਂ ’ਤੇ ਅੱਤਿਆਚਾਰ ਹੁੰਦੇ ਹਨ। ਹਰ ਘੰਟੇ ਪਿੱਛੋਂ ਦਲਿਤ ਔਰਤ ਨਾਲ ਬਲਾਤਕਾਰ, ਹਰ 48 ਘੰਟਿਆਂ ਮਗਰੋਂ ਇਕ ਦਲਿਤ ਔਰਤ ਦਾ ਕਤਲ ਹੁੰਦਾ ਹੈ। ਇਹ ਅੰਕੜੇ ਸਿਰਫ਼ ਦਰਜ ਕੇਸਾਂ ਦੇ ਆਧਾਰ ’ਤੇ ਹਨ। ਜੋ ਦਰਜ ਨਹੀਂ ਹੁੰਦੇ, ਉਹਨਾਂ ਦੀ ਗਿਣਤੀ ਕਿਤੇ ਵੱਧ ਹੈ। ਇਕ ਹੋਰ ’ਕੜੀਆ ਮੂੰਡਾ’ ਰਿਪੋਰਟ ਪੇਸ਼ ਹੋਈ ਸੀ, ਜਿਸ ਤੋਂ ਪਤਾ ਲੱਗਦਾ ਸੀ ਕਿ ਰਾਖਵੇਂਕਰਨ ਦੇ ਹੁੰਦਿਆਂ ਵੀ ਦਰਜਾ ਚਾਰ ਤੋਂ ਬਿਨਾਂ ਕਿਸੇ ਪਾਸੇ ਵੀ ਗਿਣਤੀ ਪੂਰੀ ਨਹੀਂ ਸੀ। ਭਾਵੇਂ ਉਹ ਨੌਕਰੀ ਤੋਂ ਬਿਨਾਂ ਵਪਾਰ ਦਾ ਖੇਤਰ ਸੀ, ਖੇਤੀ ਜਾਂ ਉਦਯੋਗਿਕ ਖੇਤਰ ਸੀ।’’

’’ਦੂਜੇ ਪਾਸੇ ਦਲਿਤਾਂ ਨੇ ਤੁਹਾਡੀ ਪਾਰਟੀ ਦਾ ਲੰਮੇ ਸਮੇਂ ਤੱਕ ਬਹੁਤ ਸਾਥ ਦਿੱਤਾ ਕਿਉਂਕਿ ਇਹਨਾਂ ਨੂੰ ਤੁਸੀਂ ਕਈ ਲਾਰੇ ਲੱਪੇ ਲਾਈ ਰੱਖਿਆ ਪਰ ਅਸਲੀ ਮਾਅਨਿਆਂ ਵਿਚ ਇਹਨਾਂ ਦੀ ਲੋੜੀਂਦੀ ਤਰੱਕੀ ਨਹੀਂ ਹੋਈ। ਪਹਿਲੀ ਵਾਰ ਦਲਿਤਾਂ ਨੇ ਉਸ ਵੇਲੇ ਬਗਾਵਤ ਕੀਤੀ ਜਦੋਂ ਜਗਜੀਵਨ ਰਾਮ ਜੀ ਨੇ ਕਾਂਗਰਸ ਛੱਡ ਕੇ ਜਨਤਾ ਪਾਰਟੀ ਦਾ ਦਾਮਨ ਫੜਿਆ। ਲਾਰਾ ਲਾਇਆ ਗਿਆ ਸੀ ਕਿ ਜਗਜੀਵਨ ਰਾਮ ਜੀ ਪ੍ਰਧਾਨ ਮੰਤਰੀ ਬਣਨਗੇ। ਦਲਿਤਾਂ ਨੇ ਡੱਟ ਕੇ ਵੋਟ ਪਾਏ ਪਰ ਅੰਤ ਧੋਖਾ ਮਿਲਿਆ। ਫਿਰ ਕਾਂਸ਼ੀ ਰਾਮ ਜੀ ਨੇ ਇਹਨਾਂ ਦੀ ਪਿਛੜੇ ਅਤੇ ਧਾਰਮਿਕ ਘੱਟ ਗਿਣਤੀਆਂ ਨਾਲ ਮਿਲਾ ਕੇ ਇਕ ਸੰਗਠਿਤ ਬਹੁਜਨ ਲਹਿਰ ਖੜ੍ਹੀ ਕਰ ਦਿੱਤੀ, ਜਿਸਨੇ ਇਹਨਾਂ ਵਿਚ ਸਮਾਜਿਕ ਅਤੇ ਸਿਆਸੀ ਤੌਰ ’ਤੇ ਇਕ ਨਵੀਂ ਜਾਗਰਤੀ ਪੈਦਾ ਕੀਤੀ। ਇਸ ਲਹਿਰ ਨੇ ਦੇਸ਼ ਵਿਆਪੀ ਬਣਕੇ ਹਾਲੇ ਅੰਜ਼ਾਮ ਤੱਕ ਪਹੁੰਚਣਾ ਸੀ ਕਿ ਉਹ ਦੁਨੀਆਂ ਤੋਂ ਚਲੇ ਗਏ। ਫਿਰ ਇਹ ਦਲਿਤ ਇਸ ਝਾਂਸੇ ਵਿਚ ਆ ਗਏ ਕਿ ਇਸ ਵਾਰੀ ਇਕ ਚਾਹ ਵੇਚਣ ਵਾਲੇ, ਗਰੀਬੀ ਹੰਢਾਉਣ ਵਾਲੇ ਨੂੰ ਪ੍ਰਧਾਨ ਮੰਤਰੀ ਬਣਾਇਆ ਜਾ ਰਿਹਾ ਹੈ, ਜਿਸਦੀ ਅਗਵਾਈ ਵਿਚ ਅੱਛੇ ਦਿਨ ਆਉਣ ਵਾਲੇ ਹਨ ਕਿਉਂਕਿ ਉਸਨੂੰ ਗਰੀਬਾਂ ਦੀਆਂ ਸਮੱਸਿਆਵਾਂ ਦਾ ਗਿਆਨ ਹੈ।

ਇਹਨਾਂ ਲੁੱਟਿਆਂ-ਪੁੱਟਿਆਂ ਤੇ ਨਪੀੜਿਆਂ ਹੋਇਆਂ ਨੇ ਆਪਣੇ ਦੁੱਖਾਂ ਦੇ ਅੰਤ ਲਈ ਹੁੰਮ ਹੁੰਮਾ ਕੇ ਉਸਨੂੰ ਵੋਟਾਂ ਪਾ ਕੇ ਹਨੇਰੀ ਲਿਆ ਦਿੱਤੀ। ਪਰ ਜਲਦੀ ਹੀ ਇਹਨਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਉਹ ਇਕ ਵਾਰੀ ਫਿਰ ਠੱਗੇ ਗਏ ਹਨ ਤੇ ਉਹਨਾਂ ਨਾਲ ਜ਼ਬਰਦਸਤ ਧੋਖਾ ਹੋਇਆ ਹੈ। ਤੇ ਹੁਣ ਫਿਰ ਉਹ ਚੌਰਾਹੇ ’ਤੇ ਖੜ੍ਹੇ ਹਨ। ਤੁਸੀਂ ਆਪ ਵੇਖੋ ਕਿ ਇਹਨਾਂ ਨੂੰ ਕਿੰਨੀ ਦਿਆਨਤਦਾਰ, ਸੂਝ-ਬੂਝ, ਹਮਦਰਦ ਤੇ ਅਸਲ ਮਾਅਨਿਆਂ ਵਿਚ ਕੁਝ ਕਰ ਸਕਣ ਵਾਲੀ ਅਗਵਾਈ ਦੇਣ ਵਾਲੇ ਆਗੂ ਦੀ ਲੋੜ ਹੈ। ਕੀ ਤੁਸੀਂ ਉਹ ਅਗਵਾਈ ਦੇ ਸਕਦੇ ਹੋ?’’ ਇੰਨਾ ਆਖ ਕੇ ਮੈਂ ਕਿਹਾ ਕਿ ਮੇਰੇ ਦੋ ਮਿੰਟ ਸਮਾਪਤ ਹੋ ਗਏ ਹਨ।

ਰਾਹੁਲ ਗਾਂਧੀ ਨੇ ਟਿਕ ਟਿੱਕੀ ਲਾਈ ਸਾਰਾ ਕੁਝ ਬੜੇ ਧਿਆਨ ਨਾਲ ਸੁਣਿਆ। ਮੈਂ ਆਪਣੇ ਦੋ ਮਿੰਟਾਂ ਦੇ ਮਿਲੇ ਸਮੇਂ ਵਿਚ ਆਪਣੀ ਗੱਲ ਖਤਮ ਕਰ ਦਿੱਤੀ ਸੀ। ਅੰਤ ਵਿਚ ਉਹਨਾਂ ਨੇ ਬੜੇ ਹੀ ਉਤਸ਼ਾਹ ਨਾਲ ਆਖਿਆ, ’’ਸਰਦਾਰ ਸਾਹਿਬ, ਹਮ ਆਪਕੋ ਔਰ ਡਿਟੇਲ ਮੇਂ ਸੁਨਨਾ ਚਾਹਤੇ ਹੈਂ। ਆਪ ਸਮਾਂ ਨਿਕਾਲ ਕਰ ਦਿੱਲੀ ਜ਼ਰੂਰ ਆਓ। ਹਮ ਭੀ ’ਬਾਮਸੇਫ’ ਕੀ ਤਰ੍ਹਾਂ ਕਾਮ ਕਰਨਾ ਚਾਹਤੇ ਹੈਂ।

ਚਾਹ-ਪਾਣੀ ਤੋਂ ਬਾਅਦ ਮੈਂ ਬਾਥਰੂਮ ਤੋਂ ਹੋ ਕੇ ਵਾਪਸ ਆ ਰਿਹਾ ਸੀ ਤਾਂ ਰਾਹੁਲ ਜੀ ਬਾਥਰੂਮ ਜਾਣ ਲੱਗਿਆਂ ਮੈਨੂੰ ਮਿਲ ਗਏ। ਉਹਨਾਂ ਮੇਰੇ ਨਾਲ ਮੁਸਕਰਾ ਕੇ ਹੱਥ ਮਿਲਾਇਆ ਤੇ ਫਿਰ ਜੱਫੀ ਵਿਚ ਲੈ ਕੇ ਉਹੀ ਗੱਲ ਬੜੇ ਪਿਆਰ ਨਾਲ ਦੁਹਰਾਈ ਕਿ ’’ਆਪ ਦਿੱਲੀ ਜ਼ਰੂਰ ਆਨਾ।’’ ਪਰ ਮੈਂ ਜਾ ਨਹੀਂ ਸਕਿਆ। ਇਸ ਹਰਕਤ ਤੇ ਮੈਂ ਫਿਰ ਸੋਚਣ ਲੱਗਾ ਕਿ ਇਹ ਨੌਜਵਾਨ ਕਿੰਨਾ ਸਪਸ਼ਟ, ਸਧਾਰਨ, ਇਮਾਨਦਾਰ ਤੇ ਗੈਰ ਸਿਆਸੀ ਬਿਰਤੀ ਵਾਲਾ ਹੈ।

ਇਸ ’ਤੇ ਨਾ ਸਿਆਸੀ ਰੰਗ ਹੈ, ਨਾ ’ਰਾਜਕੁਮਾਰਾਂ’ ਵਾਲਾ ਰੰਗ ਹੈ, ਜਿਸ ਵਿਚੋਂ ਹੰਕਾਰ ਤੇ ਆਕੜ ਵਾਲਾ ਕੁਝ ਹੋਵੇ, ਨਾ ਹੀ ਇਸਦੇ ਕੱਪੜੇ, ਚਾਲ-ਢਾਲ ਅਜਿਹੀ ਹੈ ਕਿ ਇਹ ਐਸ਼ਪ੍ਰਸਤੀ ਵਾਲਾ ਜੀਵਨ ਬਿਤਾ ਰਿਹਾ ਹੋਵੇ। ਹੁਣ ਇਸਦੇ ਸਲਾਹਕਾਰਾਂ ਨੂੰ ਚਾਹੀਦਾ ਹੈ ਕਿ ਇਸਦਾ ਕੁਦਰਤੀ ਰੰਗ-ਢੰਗ ਵੀ ਬਣਾਏ ਰੱਖਣ ਅਤੇ ਉਸਨੂੰ ਸਹੀ ਰੰਗ-ਢੰਗ ਦੀ ਸਿਆਸਤ ਵੀ ਸਿਖਾ ਦੇਣ। ਭਵਿੱਖ ਵਿਚ ਹਰ ਪਾਰਟੀ ਦੇ ਸਾਫ ਸੁਥਰੇ ਅਕਸ ਵਾਲੇ ਨੇਤਾ ਹੀ ਅਪਣਾਏ ਜਾਣ ਯੋਗ ਹੋਣਗੇ, ਜਿਨ੍ਹਾਂ ਦੀ ਅੱਜ ਬਹੁਤ ਘਾਟ ਹੈ।

ਇਸ ਵੇਲੇ ਸਿਆਸਤ ਬਹੁਤ ਗੰਧਲੀ ਹੋ ਚੁੱਕੀ ਹੈ। ਨੇਤਾ ਲੋਕ ਹਰ ਪਾਸੇ ਹੱਦਾਂ ਉਲੰਘਦੇ ਜਾ ਰਹੇ ਹਨ। ਖੇਲ੍ਹ ਕਿੱਥੇ ਜਾ ਕੇ ਮੁੱਕੇਗੀ ਨਹੀਂ ਪਤਾ। ਅੱਜ ਲੋੜ ਹੈ ਸਭ ਤੋਂ ਪਹਿਲਾਂ ਆਪ ਮੁਹਾਰੇ ਤੁਰੀ ਘਟੀਆ ਕਿਸਮ ਦੀ ਸਿਆਸੀ ਤਾਕਤ ਨੂੰ ਠੱਲ੍ਹ ਪਾਈ ਜਾਵੇ, ਜਿਸ ਲਈ ਸਾਰੀ ਵਿਰੋਧੀ ਧਿਰ ਨੂੰ ਇਕਜੁੱਟ ਹੋਣ ਦੀ ਤੁਰੰਤ ਲੋੜ ਹੈ। ਇਕ ਵਾਰੀ ਠੱਲ੍ਹ ਪੈ ਗਈ ਤਾਂ ਅਗਲੀ ਗੱਲ ਸੋਚੀ ਜਾ ਸਕੇਗੀ।

ਛੋਟੀਆਂ-ਮੋਟੀਆਂ ਗਲਤੀਆਂ, ਗਿਲੇ-ਸ਼ਿਕਵੇ ਭੁਲਾ ਕੇ ਇਕ ਸਾਂਝੇ ਪ੍ਰੋਗਰਾਮ ਤੇ ਇਕੱਠੇ ਹੋ ਕੇ ਵੱਡਾ ਝਟਕਾ ਦੇਣ ਦੀ ਲੋੜ ਹੈ। ਕੁਝ ਦਾ ਵਿਚਾਰ ਹੈ ਕਿ ਇਸ ਇਕੱਠ ਵਿਚ ਕਾਂਗਰਸ ਨੂੰ ਮਨਫ਼ੀ ਰੱਖਿਆ ਜਾਵੇ। ਪਰ ਭੁੱਲਣਾ ਨਹੀਂ ਚਾਹੀਦਾ ਕਾਂਗਰਸ ਹੀ ਇਕੋ ਇਕ ਅਜਿਹੀ ਪਾਰਟੀ ਹੈ ਜੋ ਸਾਰੇ ਦੇਸ਼ ਵਿਚ ਹੋਂਦ ਰੱਖਦੀ ਹੈ। ਇਹ ਕੋਈ ਖੇਤਰੀ ਪਾਰਟੀ ਨਹੀਂ। ਇਸਨੂੰ ਮਨਫ਼ੀ ਕਰਕੇ ਹੁਣ ਵਾਲੀ ਸੱਤਾਧਾਰੀ ਪਾਰਟੀ ਨੂੰ ਹੀ ਮੁੜ ਲਾਭ ਹੋਵੇਗਾ। ਪਿਛਲੇ ਕੁਝ ਸਮੇਂ ਤੋਂ ਰਾਹੁਲ ਗਾਂਧੀ ਜਿਸ ਢੰਗ ਨਾਲ ਵਿਚਰ ਰਹੇ ਹਨ, ਉਸ ਤੋਂ ਜਾਪਦਾ ਹੈ ਕਿ ਉਹ ਸਿਆਸਤ ਸਿੱਖ ਰਹੇ ਹਨ ਤੇ ਕਾਫੀ ਸਿੱਖ ਵੀ ਗਏ ਹਨ ਪਰ ਉਹਨਾਂ ਦਾ ਆਪਣਾ ਅਸਲ ਰੰਗ ਵੀ ਇਸ ਵਿਚ ਕਾਇਮ ਹੈ। ਇਸੇ ਲਈ ਇਕ ਵੇਲੇ ਪ੍ਰਧਾਨ ਮੰਤਰੀ ਨੂੰ ਖਰੀਆਂ-ਖਰੀਆਂ ਵੀ ਸੁਣਾ ਲਈਆਂ ਤੇ ਫਿਰ ਭਰੀ ਸਭਾ ਵਿਚ ਜੱਫੀ ਵੀ ਜਾ ਪਾਈ। ਪ੍ਰਧਾਨ ਮੰਤਰੀ ਇਕ ਵਾਰੀ ਤਾਂ ਸੁੰਨ ਜਿਹੇ ਹੀ ਹੋ ਗਏ। ਕਈਆਂ ਨੇ ਮਜ਼ਾਕ ਵੀ ਉਡਾਇਆ ਪਰ ਇਸਦਾ ਚੰਗਾ ਅਸਰ ਵੀ ਪਿਆ।

ਅੱਜ ਦੀ ਸਿਆਸਤ ਜਿਸ ਪਾਸੇ ਨੂੰ ਕਰਵਟ ਲੈ ਰਹੀ ਹੈ, ਸਿਆਸੀ ਤਾਕਤ ਦੇ ਅੰਨ੍ਹੇਪਣ ਵਿਚ ਸਰਕਾਰ ਦੀਆਂ ਗਲਤ ਨੀਤੀਆਂ, ਕੱਟੜਪੁਣਾ ਜੋ ਆਮ ਲੋਕਾਂ ਦਾ ਕਚੂਮਰ ਕੱਢ ਰਹੇ ਹਨ, ਉਸਨੂੰ ਰੋਕਣ ਲਈ ਵਿਰੋਧੀ ਤਾਕਤਾਂ ਜੋ ਲਿਆਕਤ ਤੇ ਡਿਸਪਲਿਨ ਵਿਖਾ ਰਹੀਆਂ ਹਨ, ਜਾਪਦਾ ਹੈ, ਉਸ ਵਿਚ ਕਾਂਗਰਸ ਆਪਣਾ ਬਣਦਾ ਸਹੀ ਯੋਗਦਾਨ ਪਾਉਣ ਲਈ ਤਿਆਰ ਹੋ ਗਈ ਹੈ। ਛੋਟੀ-ਮੋਟੀ ਗਲਤੀਆਂ ਭੁਲਾ ਕੇ ਵੱਡੇ ਹਿੱਤਾਂ ਖਾਤਰ ਛੋਟੇ ਹਿੱਤ ਕੁਰਬਾਨ ਕਰਕੇ ਅੱਗੇ ਵਧਣ ਦਾ ਨਮੂਨਾ ਕਾਂਗਰਸ ਰਾਹੁਲ ਗਾਂਧੀ ਦੇ ਸਟਾਇਲ ਵਿਚ ਕਰਨਾਟਕ ਵਿਚ ਦੇ ਚੁੱਕੀ ਹੈ। ਪਰ ਹਾਲੇ ਤਾਂ ਸ਼ੁਰੂਆਤ ਹੈ। ਸਾਰੀਆਂ ਬਾਕੀ ਪਾਰਟੀਆਂ ਵੱਲੋਂ ਵੀ ਅੱਜ ਸੌੜੀ ਸੋਚ ਛੱਡ ਕੇ ਵੱਡੇ ਹੰਭਲੇ ਦੀ ਲੋੜ ਹੈ। ਨਹੀਂ ਤਾਂ ਕੱਲ੍ਹ ਪਛਤਾਵਾ ਹੀ ਪੱਲੇ ਰਹਿ ਜਾਣਾ ਹੈ।

# ਮੇਰੀ ਯਾਦੋਂ ਕੇ ਪਿਆਲੇ ਮੇਂ ਭਰੋ ਫਿਰ ਕੋਈ ਮੈਅ

**(ਸਫਾ 19 ਦੀ ਬਾਕੀ)**

ਮਹਾਂਭਾਰਤ ਦੀ ਪਟਕਥਾ ਲਿਖਣ ਵਾਸਤੇ। ਬਸ! ਫੇਰ ਕੀ ਸੀ। ਇਹ ਗੱਲ ਰਾਹੀ ਦੇ ਮਨ ਨੂੰ ਲੱਗ ਗਈ। ਉਸੇ ਵੇਲੇ ਉਨ੍ਹਾਂ ਨੇ ਚੋਪੜਾ ਜੀ ਨੂੰ ਕਿਹਾ ਕਿ ਹੁਣ ਰਾਹੀ ਹੀ ਪਟਕਥਾ ਲਿਖੇਗਾ। ਮਹਾਂਭਾਰਤ ਬਾਰੇ ਸਾਰੇ ਹੀ ਗ੍ਰੰਥ ਜਿੱਥੋਂ ਵੀ ਮਿਲੇ ਮੰਗਵਾਏ। ਉਨ੍ਹਾਂ ਨੂੰ ਪੜ੍ਹਿਆ, ਸਮਿ-ਝਿਆ। ਰਾਹੀ ਕਹਿੰਦੇ ਸਨ ਕਿ ਮਹਾਂਭਾਰਤ ਮੇਰੇ ਸੱਭਿਆਚਾਰ ਦਾ ਹਿੱਸਾ ਹੈ ਤਾਂ ਮੈਂ ਕਿਉਂ ਨਹੀਂ ਪੜ੍ਹ ਸਕਦਾ ਇਹਦੇ ਬਾਰੇ।ਉਨ੍ਹਾਂ ਦਾ ਸਭ ਤੋਂ ਵੱਡਾ ਤੇ ਔਖਾ ਕੰਮ ਸੀ ‘ਮਹਾਂਭਾਰਤ’ ਦੀ ਪਟਕਥਾ ਲਿਖਣੀ। ਕਈ ਵਾਰ ਮਹਾਂਭਾਰਤ ਦੇ ਪ੍ਰਸੰਗਾਂ ਬਾਰੇ ਸਾਡੀ ਆਪਸ ਵਿਚ ਗੱਲਬਾਤ ਹੋਈ ਮੇਰੇ ਵਲੋਂ ਦਿੱਤੇ ਸੁਝਾਅ ਉਨ੍ਹਾਂ ਨੇ ਸਵੀਕਾਰ ਕੀਤੇ। ਪੁਰਾਤਨ ਢਾਂਚੇ ਲਈ ਉਹ ਪੰਡਿਤ ਨਰੇਂਦਰ ਸ਼ਰਮਾਂ ਨੂੰ ਮਿਲਦੇ ਸਨ। ਖਾਸ ਕਰਕੇ ਗੀਤਾ ਉਪਦੇਸ਼ ਵਾਲੇ ਐਪੀਸੋਡ ਦੇ ਸਬੰਧ ’ਚ। ਉਨ੍ਹਾਂ ਨੂੰ ਇਹ ਡਰ ਸੀ ਕਿ ਅੱਜ ਦੇ ਸ਼ਰਾਰਤੀ ਰਾਜਨੇਤਾ ਕਿਧਰੇ ਸ਼ਬਦਾਂ ਨਾਲ ਰਾਜਨੀਤੀ ਨਾ ਕਰਨ, ਇਸ ਸਬੰਧੀ ਸੰਵਾਦਾਂ ਬਾਰੇ ਕਈ ਦਿਨਾਂ ਤੱਕ ਸਾਡੇ ਵਿਚਕਾਰ ਲੰਬੀਆਂ ਗੱਲਾਂ-ਬਾਤਾਂ ਹੋਈਆਂ। ਉਨ੍ਹਾਂ ਵਲੋਂ ਫਰਵਰੀ ਵਿਚ ਆਉਣ ਦਾ ਵਾਅਦਾ ਸੀ। ਕਈ ਮਹੱਤਵਪੂਰਨ ਕੰਮਾਂ ਨੂੰ ਨਿਬੇੜਨਾ ਸੀ। ਪਰ ਜਨਵਰੀ ਵਿਚ ਪਤਾ ਲੱਗਾ ਕਿ ਉਨ੍ਹਾਂ ਨੂੰ ਗਲ਼ ਦਾ ਕੈਂਸਰ ਹੈ। ਅਪਰੇਸ਼ਨ ਵੀ ਕਰਵਾ ਲਿਆ, ਘਰ ਤੋਂ ਮੈਨੂੰ ਫੋਨ ਵੀ ਕੀਤਾ ਕਿ ਫਰਵਰੀ ਵਿਚ ਮੈਂ ਲਖਨਊ ਆ ਰਿਹਾ ਹਾਂ। ਸਾਰੇ ਕਾਗਜ਼-ਪੱਤਰ ਇਕੱਠੇ ਕਰ ਲੈਣੇ। ਅਗਲੀ ਵਾਰ ਫੇਰ ਮੈਂ ਫੋਨ ’ਤੇ ਰਾਹੀ ਤੋਂ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਕਹਿਣ ਲੱਗੇ ‘ਉਸ ਕੰਮ ਵਿਚ ਕੀ ਪ੍ਰਗਤੀ ਹੋਈ? ਸਾਰੀਆਂ ਕਿਤਾਬਾਂ ਮਿਲੀਆਂ?’ ਮੈਂ ਕਿਹਾ ‘ਉਹ ਤਾਂ ਸਭ ਹੋ ਜਾਏਗਾ ਤੁਸੀਂ ਪਹਿਲਾਂ ਤੰਦਰੁਸਤ ਤਾਂ ਹੋ ਜਾਉ’। ਕਹਿਣ ਲੱਗੇ ‘ਜਦੋਂ ਵੀ ਡਾਕਟਰ ਇਜਾਜ਼ਤ ਦੇਣਗੇ ਮੈਂ ਤੁਰੰਤ ਹੀ ਅਲੀਗੜ੍ਹ ਆ ਜਾਵਾਂਗਾ।

ਮੈਂ ਉਨ੍ਹਾਂ ਨੂੰ ਯਕੀਨ ਦੁਆਇਆ ਅਤੇ ਸਿਹਤ ਵਲ ਖਾਸ ਧਿਆਨ ਦੇਣ ਲਈ ਕਿਹਾ। ਉਹ ਜਾਣਦੇ ਸਨ ਕਿ ਉਹ ਹਾਰੀ ਹੋਈ ਲੜਾਈ ਲੜ ਰਹੇ ਹਨ, ਅਤੇ ਮੌਤ ਨਾਲ ਲੜਦੇ ਹੋਏ ਵੀ ਰਾਹੀ ‘ਏਕਤਾ ਦੀਆਂ ਤੰਦਾਂ ਕਿਵੇਂ ਮਜਬੂਤ ਹੋਣਗੀਆਂ?

ਇਸ ਬਾਰੇ ਹੀ ਲਗਾਤਾਰ ਸੋਚ ਰਹੇ ਸਨ। ਕੌਮੀ ਏਕਤਾ ਲਈ ਯਥਾਰਥਕ ਪੱਧਰ ’ਤੇ ਕੰਮ ਕਰਨ ਵਾਸਤੇ ਜੋਰ ਦਿੰਦੇ ਸਨ। ਉਹ ਪਾਕਿਸਤਾਨ ਦੇ ਬਣਨ ਅਤੇ ਫੇਰ ਉਸਦੇ ਦਰਸ਼ਨ ਦੇ ਬੁਰੀ ਤਰ੍ਹਾਂ ਵਿਰੁੱਧ ਸਨ। ਅੰਤ ਵਿਚ ਉਨ੍ਹਾਂ ਦਾ ਹੀ ਇਕ ਸ਼ੇਅਰ ਯਾਦ ਆ ਰਿਹਾ ਹੈ :-

ਅਪਨੇ ਸਾਏ ਕੀ ਤਰਫ ਦੇਖ ਕਰ ਡਰ ਜਾਤਾ ਹੈ
ਇਤਨਾ ਤਨਹਾ ਨਾ ਥਾ ਇਨਸਾਨ, ਨਾ ਜਾਨੇ ਕਿਆ ਹੋ।

*****

# ਪੰਜਾਬ ਦੀ ਖੇਡ ਨੀਤੀ ਕਿਹੋ ਜਿਹੀ ਹੋਵੇ?




ਪੰਜਾਬ ਦੀ ਜਵਾਨੀ ਕਿਹੜੇ ਰਸਤੇ ਵੱਲ ਤੁਰ ਪਈ ਹੈ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਪੰਜਾਬ ਖੇਡਾਂ ਦੀ ਕਿਸ ਕਗਾਰ 'ਤੇ ਖੜ੍ਹਾ ਹੈ ਅਸੀਂ ਭਲੀਭਾਂਤ ਜਾਣਦੇ ਹਾਂ। ਇਕ ਵਕਤ ਸੀ ਜਦੋਂ ਪੰਜਾਬ ਦੇ ਪਿੰਡਾਂ ਦੀ ਪਹਿਚਾਣ ਖਿਡਾਰੀਆਂ ਨੇ ਨਾਮ ਤੋਂ ਜਾਣੀ ਜਾਂਦੀ ਸੀ। ਪਰ ਅੱਜ ਖੇਡ ਮੈਦਾਨ ਬੰਜਰ ਹੋ ਗਏ ਹਨ। ਖੇਡ ਮੇਲੇ ਅਤੇ ਖੇਡ ਸੰਸਥਾਵਾਂ ਸੌੜੀ ਸਿਆਸਤ, ਹੰਕਾਰ, ਹਉਮੇ ਦੇ ਸ਼ਿਕਾਰ ਹੋ ਗਏ ਹਨ। ਪ੍ਰਵਾਸੀ ਖੇਡ ਪ੍ਰਮੋਟਰ ਵੀ ਖੇਡ ਮੇਲਿਆਂ ਦੇ ਨਾਂਅ 'ਤੇ ਆਪਣਾ ਨਾਂਅ ਚਮਕਾਉਣ ਜੋਗੇ ਹੀ ਰਹਿ ਗਏ ਹਨ। ਅੱਜ ਪੰਜਾਬ ਦੇ ਪਿੰਡਾਂ ਦੀ ਪਹਿਚਾਣ ਡਰੱਗ ਮਾਫੀਆ, ਗੈਂਗਸਟਰ, ਬਦਮਾਸ਼ ਅਤੇ ਕਬੂਤਰਬਾਜਾਂ ਦੇ ਨਾਮ 'ਤੇ ਬਣ ਗਈ ਹੈ। ਹੁਨਰਮੰਦ ਨੌਜਵਾਨੀ ਬਾਹਰਲੇ ਮੁਲਕਾਂ ਨੂੰ ਭੱਜ ਰਹੀ ਹੈ। ਸਰਕਾਰੀ ਸਕੂਲ ਕਬੂਤਰਖਾਨੇ ਬਣਦੇ ਜਾ ਰਹੇ ਹਨ। ਪੰਜਾਬ ਦੀ ਜਵਾਨੀ ਦਾ ਭਵਿੱਖ ਧੁੰਦਲਾ ਹੋ ਗਿਆ ਹੈ। ਪੰਜਾਬ ਦੀਆਂ ਖੇਡਾਂ ਦਾ ਭਵਿੱਖ ਤਾਂ ਯਕੀਨਨ ਧੁੰਦਲਾ ਹੋਵੇਗਾ ਹੀ। ਕੋਈ ਮਾਪਾ ਬੱਚਿਆਂ ਨੂੰ ਖੇਡਾਂ ਵੱਲ੍ਹ ਪ੍ਰੇਰਿਤ ਨਹੀਂ ਕਰ ਰਿਹਾ ਰਾਜਨੀਤਿਕ ਪਾਰਟੀਆਂ ਖੇਡਾਂ ਅਤੇ ਖਿਡਾਰੀਆਂ ਦੇ ਨਾਂਅ 'ਤੇ ਵੋਟਾਂ ਦੀ ਰਾਜਨੀਤੀ ਖੇਡ ਰਹੀਆਂ ਹਨ। ਜਦੋਂ ਸਰਕਾਰਾਂ ਬਣਦੀਆਂ ਹਨ ਤਾਂ ਰਾਜਨਿਤਿਕ ਨੇਤਾਵਾਂ ਦੀ ਇੱਕੋ ਬਿਆਨਬਾਜ਼ੀ ਹੁੰਦੀ ਹੈ ਕਿ ਨਵੀਂ ਖੇਡ ਨੀਤੀ ਬਣੇਗੀ 'ਆਹ ਕਰਾਂਗੇ ਓਹ ਕਰਾਂਗੇ', ਪਰ ਹੁੰਦਾ ਕੁਝ ਨਹੀਂ। ਪੰਜਾਬ ਦਾ ਖੇਡ ਵਿਭਾਗ ਬੇਵੱਸ ਹੋਇਆ ਜਾਪਦਾ ਹੈ। ਖੇਡਾਂ ਦੀ ਬਿਹਤਰੀ ਲਈ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਬਣੀ, ਉਹ ਵੀ 2-3 ਬੰਦਿਆਂ ਦੀ ਰਾਜਨੀਤੀ ਦਾ ਅਖਾੜਾ ਬਣ ਕੇ ਰਹਿ ਗਈ। ਤਾਨਾਸ਼ਾਹੀ ਭਤੀਜਾਵਾਦ ਮੋਨੋਪਲੀ ਆਪਣੇ ਚਹੇਤਿਆਂ ਦੀ ਭਰਤੀ, ਸਰਕਾਰੀ ਨਿਯਮ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਪੈਸਿਆਂ ਨੂੰ ਹੜੱਪਣ ਤੋਂ ਸਿਵਾਏ ਕੁਝ ਨਹੀਂ ਲੱਭ ਰਿਹਾ ਪੰਜਾਬ ਦੀਆਂ ਖੇਡਾਂ ਵਿਚ। ਕਾਂਗਰਸ ਸਰਕਾਰ ਬਣੀ ਨੂੰ ਵੀ ਡੇਢ ਸਾਲ ਹੋਗਿਆ। ਨਵੇਂ ਖੇਡ ਮੰਤਰੀ ਰਾਣਾ ਗਰਮੀਤ ਸਿੰਘ ਸੋਢੀ ਤੋਂ ਕਾਫੀ ਵੱਡੀਆਂ ਉਮੀਦਾਂ ਹਨ, ਪਰ ਇਹ ਸਮਾਂ ਹੀ ਦੱਸੇਗਾ ਕਿ ਖੇਡ ਮੰਤਰੀ ਸਾਬ੍ਹ ਪੰਜਾਬ ਦੇ ਖੇਡ ਰਥ ਨੂੰ ਕਿਸ ਪਾਸੇ ਲੈ ਕੇ ਜਾਂਦੇ ਹਨ।

ਜੇ ਪੰਜਾਬ ਨੂੰ ਥੋੜ੍ਹਾ ਬਹੁਤਾ ਬਚਾਉਣਾ ਹੈ ਤਾਂ ਸਰਕਾਰ ਨੂੰ ਸਾਰਥਕ ਖੇਡ ਨੀਤੀ ਬਣਾ ਕੇ ਹੇਠ ਲਿਖੇ ਨੁਕਤਿਆਂ 'ਤੇ ਇਹ ਨਵੀਂ ਸਰਕਾਰ ਪਹਿਰਾ ਦੇ ਲਵੇ ਤਾਂ ਪੰਜਾਬ ਦਾ ਖੇਡਾਂ 'ਚ ਕੁਝ ਭਲਾ ਹੋ ਸਕਦਾ ਹੈ।





1. ਪੰਜਾਬ 'ਚ ਹਰਿਆਣਾ ਦੀ ਤਰਜ 'ਤੇ ਸਪੋਰਟਸ ਐਂਡ ਫਿਜ਼ੀਕਲ ਫਿੱਟਨੈਸ ਪਾਲਿਸੀ ਤਿਆਰ ਕੀਤੀ ਜਾਵੇ। ਇਸ ਨੀਤੀ ਤਹਿਤ ਕੁਝ ਖੇਡਾਂ ਦੀ ਹੀ ਚੋਣ ਕੀਤੀ ਜਾਵੇ ਅਤੇ ਕੌਮੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਇਹਨਾਂ ਖੇਡਾਂ ਨੂੰ ਬੜ੍ਹਾਵਾ ਦਿੱਤਾ ਜਾਵੇ। ਇਹਨਾਂ ਚੁਣੀਆਂ ਖੇਡਾਂ ਵਿਚ ਵਿਅਕਤੀਗਤ ਖੇਡਾਂ ਵੱਲ੍ਹ ਉਚੇਚਾ ਧਿਆਨ ਦਿੱਤਾ ਜਾਵੇ ਤਾਂ ਜੋ ਪੰਜਾਬ ਕਿਸੇ ਵੀ ਕੌਮੀ ਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਤਗਮਾ ਸੂਚੀ 'ਚ ਆਪਣੀ ਵੱਖਰੀ ਪਹਿਚਾਣ ਬਣਾ ਸਕੇ। ਵਿਅਕਤੀਗਤ ਖੇਡਾਂ ਵਿਚ ਅਥਲੈਟਿਕਸ, ਕੁਸ਼ਤੀ, ਮੁੱਕੇਬਾਜ਼ੀ, ਸਾਈਕਲਿੰਗ, ਵੇਟਲਿਫਟਿੰਗ, ਬੈਡਮਿੰਟਨ, ਟੈਨਿਸ, ਸ਼ੂਟਿੰਗ ਆਦਿ ਹੋਰ ਖੇਡਾਂ 'ਚ ਪੰਜਾਬ ਦਾ ਖਿਡਾਰੀ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਵਧੀਆ ਪਹਿਚਾਣ ਬਣਾ ਸਕਦਾ ਹੈ ਜਦਕਿ ਟੀਮ ਗੇਮਾਂ 'ਚ ਉਹਨਾਂ ਖੇਡਾਂ ਦੀ ਹੀ ਚੋਣ ਕੀਤੀ ਜਾਵੇ ਜਿੰਨ੍ਹਾਂ ਵਿਚ ਪੰਜਾਬ ਪਿਛਲੇ ਸਮੇਂ ਵਿਚ ਵੀ ਅਤੇ ਹੁਣ ਵੀ ਵਧੀਆ ਨਤੀਜੇ ਦੇ ਰਿਹਾ ਹੈ। ਜਿਸ ਤਰ੍ਹਾਂ ਕੌਮੀ ਖੇਡ ਹਾਕੀ, ਬਾਸਕਟਬਾਲ, ਫੁੱਟਬਾਲ ਤੇ ਵਾਲੀਬਾਲ ਆਦਿ ਖੇਡਾਂ ਪੰਜਾਬ ਦੇ ਖਿਡਾਰੀਆਂ ਦੀ ਵਧੀਆ ਪਹਿਚਾਣ ਅਤੇ ਵਧੀਆ ਨਤੀਜੇ ਰਹੇ ਹਨ। ਇਹਨਾਂ ਖੇਡਾਂ ਨੂੰ ਹੀ ਅਪਣਾਇਆ ਜਾਵੇ।

2. ਪੰਜਾਬ ਸਰਕਾਰ ਪ੍ਰਾਇਮਰੀ ਸਕੂਲ ਖੇਡਾਂ ਗਰਾਸਰੂਟ ਲਈ ਇੱਕ ਵਿਸ਼ੇਸ਼ ਖੇਡ ਨੀਤੀ ਬਣਾਵੇ ਤਾਂ ਜੋ ਉੱਭਰਦੇ ਖੇਡ ਟੈਲੇਂਟ ਨੂੰ ਸ਼ੁਰੂਆਤ ਵਿਚ ਸਹੀ ਖੇਡ ਸੇਧ ਮਿਲ ਸਕੇ। ਪ੍ਰਾਈਮਰੀ ਸਕੂਲ ਤੋਂ ਹਾਈ ਸਕੂਲ ਤੱਕ ਦੀ ਖੇਡ ਨੀਤੀ ਦਾ ਮੁੱਖ ਮਕਸਦ ਇਹ ਹੋਵੇ ਕਿ ਪ੍ਰਾਈਮਰੀ ਪੱਧਰ ਤੱਕ 'ਸਪੋਰਟਸ ਫਾਰ ਆਲ' ਤੇ ਹਾਈ ਸਕੂਲ ਤੱਕ ਦੀ ਸਪੋਰਟਸ ਦਾ ਮੁੱਖ ਮਕਸਦ 'ਖੇਡ ਹੁਨਰ ਨੂੰ ਤਰਾਸ਼ਣਾ' ਅਤੇ ਕਾਲਜ ਪੱਧਰ ਦੀ ਸਪੋਰਟਸ ਵਿਚ ਤਰਾਸ਼ੇ ਹੋਏ ਖੇਡ ਹੁਨਰ ਨੂੰ ਕੌਮੀ ਪੱਧਰ 'ਤੇ ਲੈ ਕੇ ਜਾਣਾ ਅਤੇ ਆਖ਼ੀਰ ਤਰਾਸ਼ੇ ਖੇਡ ਹੁਨਰ 'ਚੋਂ ਹੀਰਿਆਂ ਦੀ ਚੋਣ ਕਰਕੇ ਉਹਨਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਯੋਗ ਬਣਾਉਣਾ ਹੋਵੇ।

3. ਪਬਲਿਕ ਸਕੂਲਾਂ ਵਿਚ ਖੇਡਾਂ ਨੂੰ ਲਾਜ਼ਮੀ ਕੀਤਾ ਜਾਵੇ। ਹਰ ਸਕੂਲ ਦੀ ਪਾਰਟੀਸਿਪੇਸ਼ਨ ਜਰੂਰ ਕੀਤੀ ਜਾਵੇ। ਜੇਕਰ ਪਬਲਿਕ ਸਕੂਲ ਖੇਡਾਂ ਵਿਚ ਹਿੱਸਾ ਨਹੀਂ ਲੈਂਦੇ ਤਾਂ ਉਨ੍ਹਾਂ ਦੀ ਮੈਂਬਰਸ਼ਿਪ ਮੁੱਢੋਂ ਰੱਦ ਕੀਤੀ ਜਾਵੇ।

4. ਸਕੂਲ ਖੇਡ ਪਾਲਿਸੀ ਬਣਾਉਣ ਤੋਂ ਪਹਿਲਾਂ ਪਿੰਡ ਪਿੰਡ 'ਚ ਖੇਡ ਲਹਿਰ ਨੂੰ ਸਥਾਪਿਤ ਕਰਨਾ। ਖਿਡਾਰੀਆਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨਾ ਜਰੂਰੀ ਹੈ। ਕਾਲਜ ਅਤੇ ਅੰਤਰਯੂਨੀਵਰਸਿਟੀ ਪੱਧਰ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਦੇ ਅਧਾਰ 'ਤੇ ਉਹਨਾਂ ਨੂੰ ਸਰਕਾਰੀ ਨੌਕਰੀਆਂ ਵਿਚ ਘੱਟੋ ਘੱਟ 5 ਫੀਸਦੀ ਰਾਖਵਾਂ ਕੋਟਾ ਰੱਖਣਾ ਦਿੱਤਾ ਜਾਵੇ ਅਤੇ ਰੁਜ਼ਗਾਰ ਯਕੀਨੀ ਬਣਾਇਆ ਜਾਵੇ।

ਇਸਤੋਂ ਇਲਾਵਾ ਬਲਾਕ ਪੱਧਰ ਤੇ ਜ਼ਿਲ੍ਹਾ 'ਤੇ ਖੇਡ ਸਟੇਡੀਅਮ ਦਾ ਨਿਰਮਾਣ ਕਰਨਾ ਅਤੇ ਖੇਡਾਂ ਵਿਚ ਦਿਲਚਸਪੀ ਰੱਖਣ ਵਾਲੇ ਖਿੱਤੇ ਦੀ ਚੋਣ ਕਰਕੇ ਥਾਂ-ਥਾਂ ਖੇਡ ਸੈਂਟਰ ਸਥਾਪਿਤ ਕਰਨਾ ਮੁੱਖ ਮਕਸਦ ਹੋਵੇ। ਕੌਮੀ ਪੱਧਰ ਦੇ ਮੁਕਾਬਲਿਆਂ 'ਤੇ ਜਾਣ ਵਾਲੇ ਸਾਰੇ ਖਿਡਾਰੀਆਂ ਲਈ ਡੋਪ ਟੈਸਟ ਦੀ ਵਿਵਸਥਾ ਲਾਜ਼ਮੀ ਕੀਤੀ ਜਾਵੇ।

5. ਓਲੰਪਿਕ ਖੇਡਾਂ, ਏਸ਼ੀਅਨ ਖੇਡਾਂ, ਕਾਮਨਵੈਲਥ ਖੇਡਾਂ ਅਤੇ ਹੋਰ ਵਿਸ਼ਵ ਪੱਧਰੀ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਅਤੇ ਤਗਮਾ ਜਿੱਤਣ ਵਾਲੇ ਖਿਡਾਰੀਆਂ ਨੂੰ ਪੰਜਾਬ ਖੇਡ ਵਿਭਾਗ 'ਚ ਵਧੀਆ ਨੌਕਰੀਆਂ 'ਤੇ ਅਡਜਸਟ ਕੀਤਾ ਜਾਵੇ। ਉਹਨਾਂ ਦੇ ਲੰਬੇ ਖੇਡ ਤਜ਼ਰਬੇ ਦਾ ਲਾਹਾ ਲਿਆ ਜਾਵੇ। ਅੰਤਰ-ਰਾਸ਼ਟਰੀ ਪੱਧਰ 'ਤੇ ਖੇਡੇ ਹਰ ਖਿਡਾਰੀ ਦਾ ਇੱਕੋ ਇੱਕ ਟੀਚਾ ਹੋਵੇ ਕਿ ਉਸਨੇ ਆਪਣੇ ਲੈਵਲ ਦੇ ਇੱਕ ਜਾਂ ਦੋ ਖਿਡਾਰੀ ਮੁਲਕ ਲਈ ਜਰੂਰ ਪੈਦਾ ਕਰਨੇ ਹਨ। ਜਦੋਂ ਪੰਜਾਬ ਖੇਡ ਵਿਭਾਗ ਵਿਚ ਅੰਤਰਰਾਸ਼ਟਰੀ ਪੱਧਰ ਤੇ ਤਜ਼ਰਬੇਕਾਰ ਖਿਡਾਰੀਆਂ ਲਈ ਆਮਦ ਹੋਵੇਗੀ ਤਾਂ ਆਪਣੇ ਆਪ ਸਾਰਥਕ ਅਤੇ ਵਧੀਆ ਨਤੀਜੇ ਆਉਣਾ ਯਕੀਨੀ ਹੋਣਗੇ।

6. ਲੜਕੀਆਂ ਵਾਸਤੇ ਵਿਸ਼ੇਸ਼ ਖੇਡ ਨੀਤੀ ਬਾਣਾਈ ਜਾਵੇ। ਉਹਨਾਂ ਦਾ ਖੇਡਾਂ ਵਿਚ ਹਿੱਸਾ ਲੈਣਾ ਲਾਜ਼ਮੀ ਕੀਤਾ ਜਾਵੇ। ਵੱਖ ਵੱਖ ਸਰਕਾਰੀ ਵਿਭਾਗਾਂ 'ਚ ਲੜਕੀਆਂ ਦੀਆਂ ਵੱਖ -ਵੱਖ ਖੇਡਾਂ ਨਾਲ ਸਬੰਧਤ ਟੀਮਾਂ ਤਿਆਰ ਕੀਤੀਆਂ ਜਾਣ ਜਿਸ ਨਾਲ ਜਿਥੇ ਲੜਕੀਆਂ ਦੀ ਖੇਡਾਂ ਪ੍ਰਤੀ ਉਤਸ਼ਾਹ ਵਧੇਗਾ ਓਥੇ ਹੀ ਉਹਨਾਂ ਨੂੰ ਰੁਜ਼ਗਾਰ ਦੇ ਵਧੀਆ ਮੌਕੇ ਵੀ ਮਿਲਣਗੇ ਅਤੇ ਖੇਡਾਂ ਦੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਂਅ ਵੀ ਰੌਸ਼ਨ ਕਰਨਗੀਆਂ।



7. ਸਕੂਲਾਂ ਤੇ ਕਾਲਜਾਂ ਦੇ ਖੇਡ ਵਿੰਗਾਂ ਵਿਚ ਸਿਰਫ਼ ਪੰਜਾਬ ਦੇ ਖਿਡਾਰੀਆਂ ਦੀ ਹੀ ਚੋਣ ਕੀਤੀ ਜਾਵੇ। ਬਾਹਰਲੇ ਸੂਬੇ ਦੇ ਖਿਡਾਰੀਆਂ ਦੀ ਖੇਡ ਵਿੰਗਾਂ ਤੇ ਨੌਕਰੀਆਂ ਵਿਚ ਮਨਾਹੀ ਹੋਵੇ।

8. ਹਰ ਸਾਲ ਸਾਰੀਆਂ ਖੇਡਾਂ ਦੀਆਂ ਜ਼ਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਚੈਂਪੀਅਨਸ਼ਪ ਕਰਵਾਉਣਾ ਯਕੀਨੀ ਬਣਾਇਆ ਜਾਵੇ। ਸਾਰੀਆਂ ਖੇਡ ਐਸੋਸੀਏਸ਼ਨਾਂ ਦੀ ਵਾਗਡੋਰ ਖੇਡਾਂ ਨਾਲ ਸਬੰਧਿਤ ਵਿਅਕਤੀਆਂ ਦੇ ਹੱਥ ਦਿੱਤੀ ਜਾਵੇ।

9. ਖਿਡਾਰੀਆਂ , ਕੋਚਾਂ, ਖੇਡ ਪ੍ਰਮੋਟਰਾਂ, ਪੀ.ਟੀ, ਡੀ.ਪੀ.ਈ, ਰੈਫਰੀਆਂ, ਖੇਡ ਸੰਸਥਾਵਾਂ ਦੀ ਵਧੀਆ ਕਾਰਗੁਜ਼ਾਰੀ ਅਧਾਰ 'ਤੇ ਉਨਾਂ ਨੂੰ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਸਲਾਨਾ ਖੇਡ ਐਵਾਰਡ ਅਤੇ ਨਗਦ ਰਾਸ਼ੀ ਵਾਲੇ ਐਵਾਰਡ ਦਿੱਤੇ ਜਾਣ।

10. ਪੰਜਾਬ ਦੇ 50 ਤੋਂ ਵੱਧ ਖੇਡ ਪਿੰਡਾਂ 'ਚ (ਜਿਥੇ ਹਾਕੀ ਦਾ ਵਧੀਆ ਮਾਹੌਲ ਹੈ), 50 ਮਿਨੀ ਐਸਟੋਟਰਫ ਮੈਦਾਨ ਸਥਾਪਿਤ ਕੀਤੇ ਜਾਣ। ਤਾਂ ਜੋ ਭਾਰਤੀ ਟੀਮ 'ਚ ਪੰਜਾਬ ਦੇ 10-12 ਖਿਡਾਰੀਆਂ ਦੀ ਸ਼ਮੂਲੀਅਤ ਯਕੀਨੀ ਬਣੀ ਰਹੇ। ਇਸਤੋਂ ਇਲਾਵਾ ਕੁਝ ਇਲਾਕਿਆਂ 'ਚ ਅਥਲੈਟਿਕ ਦੇ ਸੰਥੈਟਿਕ ਟਰੈਕ, ਸਵਿਮਿੰਗ ਪੂਲ ਤੇ ਹੋਰ ਖੇਡ ਢਾਂਚਾ ਲੋੜ ਮੁਤਬਿਕ ਪੇਂਡੂ ਇਲਾਕੇ ਤੇ ਸ਼ਹਿਰੀ ਇਲਾਕਿਆਂ 'ਚ ਸਥਾਪਿਤ ਕੀਤੇ ਜਾਣ।

11. ਪੀ.ਆਈ.ਐਸ ਨੂੰ ਖੇਡ ਦਾਇਰੇ ਵਿਚ ਸ਼ਾਮਲ ਕੀਤਾ ਜਾਵੇ।

ਜੇਕਰ ਸਰਕਾਰ ਉਕਤ ਖੇਡ ਨੁਕਤਿਆਂ 'ਤੇ ਠੋਸ ਪਹਿਰਾ ਦੇ ਦੇਵੇ ਤਾਂ ਪੰਜਾਬ ਦੇ ਯਕੀਨਨ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵਧੀਆ ਨਤੀਜੇ ਆਉਣਗੇ, ਨਸ਼ੀਆਂ ਨੂੰ ਪੂਰੀ ਤਰ੍ਹਾਂ ਠੱਲ੍ਹ ਪੈ ਜਾਵੇਗੀ ਅਤੇ ਪੰਜਾਬ ਡਰੱਗ ਮੁਕਤ ਸੂਬਾ ਵੀ ਬਣ ਜਾਵੇਗਾ। ਇਸਦੇ ਵਿਚ ਹੀ ਪੰਜਾਬ ਦਾ ਭਲਾ ਤਾਂ ਹੋਵੇਗਾ ਹੀ ਅਤੇ ਨਾਲ ਹੀ ਹਰ ਪੰਜਾਬੀ ਦਾ ਸਿਰ ਮਾਣ ਨਾਲ ਉੱਚਾ ਹੋਵੇਗਾ।

# ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰੱਸਟ ਸੰਗ ਸਮਾਗਮ



























**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰੱਸਟ ਸੰਗ ਮਿਲ ਕੇ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਜੁਝਾਰਵਾਦੀ ਕਵੀ ਅਵਤਾਰ ਪਾਸ਼ ਤੇ ਵੱਡਾ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਪਰਮਿੰਦਰ ਸਿੰਘ, ਡਾ. ਕਰਮਜੀਤ ਸਿੰਘ, ਪ੍ਰਿੰ. ਪਰਮਜੀਤ ਸਿੰਘ, ਅਤਰਜੀਤ ਕਹਾਣੀਕਾਰ, ਅਮੋਲਕ ਸਿੰਘ ਨੇ ਕੀਤੀ।ਜੀ ਆਇਆਂ ਸ਼ਬਦ ਡਾ. ਮਨਮੋਹਨ ਸਿੰਘ ਤੀਰ ਨੇ ਆਖੇ। ਸਮਾਗਮ ਦੀ ਸ਼ੁਰੂ-ਆਤ ਕਾਲਜ ਦੇ ਸੰਗੀਤ ਵਿਭਾਗ ਦੇ ਪ੍ਰੋ. ਬਲਰਾਜ ਹੁਰਾਂ ਨੇ ਪਾਸ਼ ਦੀਆਂ ਦੋ ਕ੍ਰਾਂਤੀਕਾਰੀ ਰਚਨਾਵਾਂ "ਦਹਿਕਦੇ ਅੰਗਿਆਰਿਆਂ ਅਤੇ ਮੇਰੇ ਚੁੱਲ੍ਹੇ ਦਾ ਸੰਗੀਤ ਸੁਣੋਂਤ" ਨੂੰ ਗਾ ਕੇ ਕੀਤੀ। ਉਪਰੰਤ ਡਾ. ਜਸਵੰਤ ਰਾਏ ਨੇ ਸਭਾ ਦੁਆਰਾ ਕਰਵਾਈਆਂ ਜਾ ਰਹੀਆਂ ਗਤੀ-ਵਿਧੀਆਂ ਬਾਰੇ ਸੰਖੇਪ 'ਚ ਤੁਆਰਫ਼ ਕਰਵਾਇਆ।

ਮੁਖ ਵਕਤਾ ਡਾ. ਸੁਰਜੀਤ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਪਾਸ਼ ਦੀ ਸਮੁੱਚੀ ਕਾਵਿਧਾਰਾ ਬਾਰੇ ਗੱਲ ਕਰਦਿਆਂ ਕਿਹਾ ਕਿ ਪਾਸ਼ ਸੁਚੇਤ ਤੌਰ ਤੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸ਼ਕਤੀ ਨਾਲ਼ ਸਿੱਧੇ ਸੰਵਾਦ ਰਾਹੀਂ ਰੋਹ ਅਤੇ ਵਿਦਰੋਹ ਦੀ ਕਵਿਤਾ ਰਚਣ ਵਾਲਾ ਸ਼ਾਇਰ ਹੈ।

ਉਹ ਸਾਰੀ ਉਮਰ ਮੌਤ ਦੀ ਅੱਖ ਵਿਚ ਅੱਖ ਪਾ ਕੇ ਜੀਵਿਆ। ਪਾਸ਼ ਪਿੰਡ ਦੇ ਅੰਦਰ ਬਿਰਾਜਮਾਨ ਮਸੂਮੀਅਤ ਅਤੇ ਸਾਜਿਸ਼ ਨੂੰ ਪਛਾਣ ਕੇ ਕਵਿਤਾ ਲਿਖਣ ਵਾਲਾ ਕ੍ਰਾਂਤੀਕਾਰੀ ਕਵੀ ਹੈ। ਪ੍ਰਧਾਨਗੀ ਮੰਡਲ ਵਿਚ ਹਾਜ਼ਰ ਵਿਦਵਾਨਾਂ ਨੇ ਕਿਹਾ ਕਿ ਜਿਸ ਤਰ੍ਹਾਂ ਪਾਸ਼ ਨੇ ਮੌਕੇ ਦੇ ਨਿਜ਼ਾਮ ਖ਼ਿਲਾਫ਼ ਬਿਨ੍ਹਾਂ ਕਿਸੇ ਡਰ ਭੁਕਰ ਤੋਂ ਆਪਣਾ ਕਾਵਿਧਾਰਾ ਵਿਲੱਖਣ ਅੰਦਾਜ਼ ਵਿਚ ਸਿਰਜਿਆ ਉਸ ਦੀ ਪੜਚੋਲ ਕਰਦਿਆਂ ਉਸਦੀਆਂ ਰਚਨਾਵਾਂ ਅਜੋਕੇ ਅਸਹਿਣਸ਼ੀਲਤਾ ਵਾਲੇ ਮਾਹੌਲ ਵਿਚ ਹੋਰ ਵੀ ਜ਼ਿਆਦਾ ਸਾਰਥਕ ਜਾਪਦੀਆਂ ਹਨ। ਪਾਸ਼ ਲੋਕ ਜੀਵਨ ਦੀਆਂ ਤੰਗੀਆਂ ਤੁਰਸ਼ੀਆਂ, ਔਕੜਾਂ, ਸਮਾਜਿਕ ਮਾਨਵੀ ਕਦਰਾਂ ਕੀਮਤਾਂ, ਲੁਟ ਖਸੁਟ ਅਤੇ ਰਾਜਨੀਤਕ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਦਾ ਹਿੱਸਾ ਹੀ ਨਹੀਂ ਬਣਾਉਂਦਾ ਸਗੋਂ ਲੋਕ ਹਿੱਤ ਵਿਚ ਖੜ੍ਹਦਿਆਂ ਲੋਕਾਂ ਦੇ ਹਿੱਤਾਂ ਤੇ ਪਹਿਰਾ ਦੇਣ ਦੀ ਵਕਾਲਤ ਵੀ ਕਰਦਾ ਹੈ। ਇਸ ਮੌਕੇ ਸਰਕਾਰ ਵਲੋਂ ਗ੍ਰਿਫ਼ਤਾਰ ਕੀਤੇ ਗਏ ਪੰਜ ਲੇਖਕ ਅਤੇ ਸਮਾਜਿਕ ਕਾਰਕੁੰਨਾਂ ਦੀ ਰਿਹਾਈ ਦਾ ਮਤਾ ਪਾਸ ਕਰਦਿਆਂ ਲੋਕ ਵਿਰੋਧੀ ਸਿਰਜੇ ਜਾ ਰਹੇ ਅਰਾਜਕਤਾਵਾਦੀ ਮਾਹੌਲ ਖਿਲਾਫ਼ ਹਾਅ ਦਾ ਨਾਅਰਾ ਵੀ ਮਾਰਿਆ।

ਦੂਸਰੇ ਸੈਸ਼ਨ ਕਵੀ ਦਰਬਾਰ ਦੀ ਪ੍ਰਧਾਨਗੀ ਮਦਨ ਵੀਰਾ, ਸੁਰਜੀਤ ਜੱਜ, ਗੁਰਦਿਆਲ ਰੌਸ਼ਨ, ਸੁਰਿੰਦਰਜੀਤ ਕੌਰ ਗਿੱਲ ਨੇ ਕੀਤੀ। ਕਵੀ ਦਰਬਾਰ ਵਿਚ ਮੋਹਨ ਮਤਿਆਲਵੀ, ਕੇ ਸਾਧੂ ਸਿੰਘ, ਅਮਰੀਕ ਪਾਠਕ, ਕੁਲਤਾਰ ਸਿੰਘ ਕੁਲਤਾਰ , ਨਵਤੇਜ ਗੜ੍ਹਦੀਵਾਲਾ, ਸੁਰਿੰਦਰ ਕੰਗਵੀ, ਸ਼ਮਸ਼ੇਰ ਮੋਹੀ, ਡਾ. ਜਸਵੰਤ ਰਾਏ, ਰਣਜੀਤ ਸਿੰਘ ਧਾਮੀ, ਅਮਰੀਕ ਡੋਗਰਾ, ਸੁਮਨਦੀਪ ਸਿੰਘ, ਕੁਲਵਿੰਦਰ ਕੌਰ ਰੂਹਾਨੀ, ਅਵਤਾਰ ਸਿੰਘ ਸੰਧੂ, ਪ੍ਰੋ. ਮਲਕੀਤ ਜੌੜਾ, ਇੰਦਰਜੀਤ ਨੰਦਨ, ਲਖਵਿੰਦਰ ਰਾਮ, ਡਾ. ਅਵਤਾਰ ਸਿੰਘ ਹੋਠੀ, ਡਾ. ਬਲਵਿੰਦਰ ਸਿੰਘ, ਰਾਮ ਲਾਲ ਭਗਤ ਨੇ ਕਵਿਤਾਵਾਂ ਪੇਸ਼ ਕੀਤੀਆਂ।ਪ੍ਰਧਾਨਗੀ ਮੰਡਲ ਵਿਚ ਹਾਜ਼ਰ ਕਵੀਆਂ ਨੇ ਵੀ ਆਪਣੀਆਂ ਟਿੱਪਣੀਆਂ ਤੋਂ ਬਾਅਦ ਕਵਿਤਾਵਾਂ ਕਹੀਆਂ।

ਸਾਰੇ ਪ੍ਰੋਗ੍ਰਾਮ ਨੂੰ ਸਮੇਟਦਿਆਂ ਅੰਤ ਵਿਚ ਧੰਨਵਾਦੀ ਸ਼ਬਦ ਕਾਲਜ ਦੇ ਪ੍ਰਿੰ. ਡਾ. ਪਰਮਜੀਤ ਸਿੰਘ ਨੇ ਆਖੇ। ਸਟੇਜ ਦੀ ਕਾਰਵਾਈ ਡਾ. ਪਰਮਿਧਰ ਸਿੰਘ,ਡਾ. ਜਸਵੰਤ ਰਾਏ, ਜਗੀਰ ਸਿੰਘ ਜੋਸ਼ਣ ਅਤੇ ਅਤਰਜੀਤ ਨੇ ਸਾਂਝੇ ਤੌਰ ਤੇ ਚਲਾਈ।ਇਸ ਮੌਕੇ ਸਤੀਸ਼ ਕੁਮਾਰ, ਤ੍ਰਿਪਤਾ ਕੇ. ਸਿੰਘ, ਪ੍ਰਿੰ. ਸਤਵੰਤ ਕਲੋਟੀ, ਗੁਰਦੀਪ ਸ਼ੇਰਗੜ੍ਹ,ਪ੍ਰੋ. ਸੰਦੀਪ ਸੀਕਰੀ, ਆਯੂਸ਼, ਸੰਦੀਪ, ਦਾਸ ਭਾਰਤੀ, ਜਸਵੀਰ ਝੱਜ, ਹਰਦਿਆਲ ਹਸ਼ਿਆਰਪੁਰੀ, ਪ੍ਰੀਤ ਨੀਤ ਪੁਰ, ਅਵਤਾਰ ਲੰਗੇਰੀ, ਡਾ, ਸਰਦੂਲ ਸਿੰਘ, ਡਾ, ਸੁਰਿੰਦਰ ਸਿੰਘ, ਵਿਜੇ ਬੰਬੇਲੀ, ਹਰਮੇਸ਼ ਮਾਲੜੀ, ਪਰਵੀਨ, ਰੱਜੀ, ਹਰਦੀਪ ਗਿੱਲ, ਵਿਜੇ ਕਲਸੀ, ਸਤੀਸ਼ ਰਾਣਾ, ਰਵਿੰਦਰ ਸ਼ਰਮਾ, ਹਰਜਿੰਦਰ ਹਰਗੜ੍ਹੀਆ, ਡਾ. ਅਜੀਤ ਸਿੰਘ ਜੱਬਲ ਅਤੇ ਸੈਕੜੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ:ਡਾ. ਜਸਵੰਤ ਰਾਏ (9815825999)**

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

CHAAT PLATE ONLY FOR $2.99

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


KINGS SPORTS CULTURE CLUB of SACRAMENTO
EST. 2010
KINGS OF KABADDI
KINGS SPORTS CLUB
6th World Kabaddi Cup
Saturday 29 September, 2018
Gurdwara Dashmesh Darbar
7733 Elk Grove Florin Road, Sacramento, CA 95829
Harkamal Singh
Rajinderpal Singh
Rajvir Nahal
Verinder Sahota
Gurcharan Khaira
Sam Gill
Harpal S. Sandhu
Ajitpal Rangi
Jaspal S. Dhindsa
Sukha
Deepa
Sahij
Deepa
Jassa
Mana
Navy Hothi
Taljit Purewal
Papu Gosal
Shoker Brothers
Gora Chhokar
G AND G TRANS
Gopi Kheira
Dulay Holding Carries and USA Truck Lines
Tochi Sangha
Gora Dhanoa
Dev Mundi
Dippi Sidhu
Your Concern Is My Priority
ELITE MORTGAGE
Sukhwinder Ajimal | Loan Officer
Cell: 916.996.8723
Office: 916.681.5112
Fax: 800.527.1376
Email: sajimal72@gmail.com
CADRE# 01344778 | NMLS #863528
7412 Elsie Avenue, Sacramento, CA 95828
Animal Care Center
Dr. Gurpreet Singh
916-686-7393
8901 Elk Grove Florin Rd. Elk Grove, CA 95624
www.animalcarecenterca.com
JT Bains
DBA SAC VALLEY TRUCK STOP
ONE STOP SMOG & AUTO REPAIR
Raj Preet
Manager
916-922-4130
Singh (cell) 916-868-5858
Raj (cell) 916-254-8444
1stopsmogauto@gmail.com
917 N. Market Blvd, Suite B
Sacramento, CA 95834
ਰੇਡੀਓ ਪੰਜਾਬ
Radio Punjab
CHICAGO'S PIZZA
With-A-Twist
NOW SERVING
COMING SOON
NOW FRANCHISING IN ALL 50 STATES
To Become a Franchisee
Call 877-888-9478 or
email chicagospizzainc@gmail.com
WHITE HAWK, INC.
Ph. (209) 476-8697
Cell (510) 774-4191
bobwhitehawk@yahoo.com
bob@whitehawkcarriers.com
2101 Dr. M.L.K. Jr. Blvd.
Stockton, CA 95205
ROBBY NIJJER
OWNER
9933 DOVE SHELL WAY
ELK GROVE, CA 95757
N.T.L LOGISTIC
BROKERAGE
916-226-6933
CELL: 916-869-0290
GN TIRE & LUBE
NEW & USED TIRES
209-277-0113 or 209-450-7307
PHILLIPS AUTO CARE
SUNSHINE AUTO CARE INC.
Contact: 209-239-1551
RAJ Trucking
Harjinder Singh (Raj Gill)
Gurvinder Singh (Gill)
email: rajgill209@gmail.com
15844 McKinley Ave. Lathrop, CA 95330
RAFFLE DRAWING
Sikh Temple of Yuba City
NAGAR KIRTAN | NOV. 4, 2018
Enter for a Chance to WIN a 2008 386 Peterbilt Truck
Platinum Sponsor
Inderjit Singh
Chinna
Jewellers
PUNJAB INSURANCE AGENCY
Auto . Home . Business . Flood Insurance . 1 Day Event
Manjit Singh
Notary Public
7212 Florin Mall Drive
Sacramento, CA 95823
Email: PUNJABINSURANCE@JUNO.COM
Sterling Real Estate Co.
Amandeep Singh
(M) 916-206-1820
Aman@SterlingRECo.com
P.O.Box 277752
Sacramento, CA 95827
Office: 916-206-1820
www.SterlingRECo.com
SPRINT CARRIERS INC.
DISPATCH
Monday - Friday
7:00am - 5:00pm
R&S Bros Trucking
DISPATCH
Monday - Friday
7:00AM - 5:00PM
BAGGA JEWELERS
DEALS IN GOLD BUY-SELL-TRADE
EXPO FURNITURE GALLERY
Quality & Elegance
www.expofurnituregallery.com
Seven Star Diesel Repair
Computer Diagnostics Available
Jassi
Dhaliwal Bros. Trucking Inc
Sukh
B.J.
916 372 3518
B.J.'S GEARS ENTERPRISE, INC.
Used Truck & Trailer Sales
Used Truck Parts
24 Hour Towing
Used Cummins, CAT & Detroit
Rebuilt Transmissions & Rear Ends
Complete Truck Repair
501 Glide Avenue, West Sacramento, CA 95691


KINGS SPORTS CULTURE CLUB of SACRAMENTO
EST. 2010
KINGS OF KABADDI
KINGS SPORTS CLUB
6th World Kabaddi Cup
Saturday 29 September, 2018
Gurdwara Dashmesh Darbar
7733 Elk Grove Florin Road, Sacramento, CA 95829
Kabaddi Open Teams:
1. Bay Area Sports Club
2. Royal Kings USA
3. Baba Sang Club Midwest USA
4. Shaheed Bhagat Sports Club & Shaheed Udham Singh Sports Club Fresno
Chief Guest
Chief Guest
Chief Guest
Malkit S. Boparai
Amolak S. Gakhal
Palwinder S. Gakhal
Iqbal S. Gakhal
Gurvinder Gakhal
Naki Atwal
Pinki Atwal
Surjan S. Chatha
Kabaddi Open Sponsors
ਕਬੱਡੀ ਕਬੱਡੀ
First Prize: Charda Punjab Club of Sacramento
Baljit S. Bassi, Jaswinder S. Shergill, Paramjit S. Khaira, Jaswinder S. Rai, Malaghar S. Khaira, Ravinder Johal, Balraj Randhawa, Parminder Dhura, Kulwinder Sangha, Surjit Cheema
2nd Prize: Boparai Brothers & Jagjit S. Rakkra
Jaswinder Boparai
Dalvir Boparai
Malkit Boparai
Gurdev Boparai
Jagjit S. Rakkra
3rd Prize: Diamond Club of Sacramento
Chuhar Sanghera
Narinder Aujla
Davinder Sanghera
Sunny Bajwa
Baljinder Bajwa
Platinum Sponsors
Avtar S. Atwal
Jaswinder Sangha
Charan Budwal
Paramjit Singh
Iqbal Dhanoa
Amarjit S. Bassi
Sukhvir S. Bassi
Mangal Bhandal
Parwinder Grewal
Satnam Shoker
Jind Atwal
Sabi Singh
Deepa Yuba City
Sarabjit S. Sabi
Kuljit S. Nijjar
Gurinder Gill
Sukha Dulai
Davinder Singh
Lakhvir Aujla
Sardool S. Randhawa
Gurdev Singh
Kulwant S. Lasher
ਕੁਲਵੰਤ ਸਿੰਘ ਲੱਛਰ ਅਤੇ ਸਰਦੂਲ ਸਿੰਘ ਰੰਧਾਵਾ ਕਬੱਡੀ ਕੋਚ ਨੂੰ ਗੁਰਦੇਵ ਸਿੰਘ (ਪੱਪੂ ਪੰਛੀ) ਵਲੋਂ ਸੋਨੇ ਦੇ ਤਗਮੇ ਨਾਲ ਸਨਮਾਨਤ ਕੀਤਾ ਜਾਵੇਗਾ॥
Kabaddi Under 25 Age, Sponsors
First Prize
2nd Prize
Jagroop & Jatinder Brothers
Inderjit Singh (Chinna Jewellers)
ਮੈਚਾਂ ਦੌਰਾਨ ਕਮੈਂਟਰੀ ਕਰਨਗੇ
ਮੱਖਣ ਅਲੀ
ਕਾਲਾ ਰਛੀਨ
ਆਸ਼ਾ ਸ਼ਰਮਾ
ਸ਼ਟੇਜ ਸੇਵਾਵਾਂ ਨਿਭਾਉਣਗੇ
ਮੈਚਾਂ ਦੌਰਾਨ ਰੈਫਰੀ ਕਰਨਗੇ
ਸ਼ਵਰਨਾ ਬੈਲੀ
ਦਵਿੰਦਰ ਸਿੰਘ (ਕੋਚ)
ਤਾਰੀ ਡੱਬ
ਵਿੱਕੀ ਸੱਮੀਪੁਰੀਆਂ
Sarabjit Singh (Shaba Thiara)
ROYAL KINGS USA
ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ
G AND G TRANS
ਵੱਲੋਂ ਸਨਮਾਨਤ ਕੀਤਾ ਜਾਵੇਗਾ।
੧. ਚਾਹ-ਪਕੌੜੇ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਅਮਰਜੀਤ ਸਿੰਘ ਬਾਸੀ ਦੇ ਸਮੂਹ ਪ੍ਰੀਵਾਰ ਵੱਲੋਂ ਕੀਤੀ ਜਾਵੇਗੀ। ੨. ਗੁਰੂਘਰ ਦੀਆਂ ਗ੍ਰਾਊਂਡਾਂ ਵਿਚ ਨਸ਼ੇ ਦੀ ਸਖਤ ਮਨਾਹੀ ਹੈ ਕ੍ਰਿਪਾ ਕਰਕੇ ਇਸ ਦੀ ਕੋਈ ਵੀ ਉਲੰਘਣਾ ਨਾ ਕਰੇ।
੩. ਬੀਬੀਆਂ ਦੇ ਬੈਠਣ ਅਤੇ ਬੱਚਿਆਂ ਵਾਸਤੇ ਪੰਘੂੜਿਆਂ ਦਾ ਖਾਸ ਪ੍ਰਬੰਧ ਹੋਵੇਗਾ। ੪. ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਸੈਕਰਾਮੈਂਟੋ ਸ਼ੈਰਿਫ ਪੁਲੀਸ ਦੁਆਰਾ ਹੋਵੇਗਾ।
Kings Sports Club Members
Sital S. Nijjar
Gurmukh Sandhu
Sukhi Sekhon
Kindu Ramidi
Sodi Dhindsa
Jassi Dhillon
Gurnek Dhillon
Gurcharn Channi
Ravinder Johal
Jaswinder Rai
Baljit S. Bassi
Santokh Dosanjh
Sukhwinder Toor
Major Randhawa
Pappu Panchi
Sai Sohal
Inderjit Khangura
Harnek Sandhu
Buta Dhillon
Ranbir Singh
Boota Lodhi
Jaswinder Boparai
ਦੁੱਲਾ
ਪਾਲਾ
ਤਾਜਾ
ਮੱਖੀ
ਗੁਰਪ੍ਰੀਤ
ਸੰਦੀਪ
ਹੈਰੋ
ਬਾਨਾ
ਅਰਸ਼
ਮੰਗੀ
ਲੱਖਾ
ਜੱਗਾ
ਖੁੱਸ਼ੀ
ਸੰਦੀਪ
ਗੁਰਲਾਲ
ਨਵੀ
ਪਾਲੀ
ਜਤਿੰਦਰ
ਤੰਦਾਂ
Diamond Sponsors: Harpal S. Sandhu, Expo Furniture, Jony (Bagga Jeweler), Janak Raj (American Travel & Tours), One Stop Smog & Auto Repair, Makhan Singh (Kings Express Tire & Lube Inc), Sukhwinder Ajimal (Elite Mortgage), Balvir S. Sohal (J&B Trucking), Pal (Florin Shell), Harkamal Singh, SBT Trucking, Amandeep S. Sandhu, Manjit Singh (Punjab Insurance), Inderjit Singh (Mountain Mike's Pizza), Gurpreet Singh (Animal Care Center), Manjit S. Grewal, Rajvir Nahal, Rajinderpal Singh, Gurcharan Khaira, Verinder Sahota, Gurm Transport Inc, Sam Gill (Sunrise Trucking Inc, Vicky Gill (US Shipping Trans Inc), Sunshine Auto Care Inc., Ranbir Nijjer & Harry Pooni (NTL Trucking), Lakhvir S. Aujla (Aujla Trucking), A B Logistics, Narinder Thandi, Baljinder Singh(BJS Gears Enterprise INC.), Rebel Entertainment Group Inc.) Jassi & Sukh (Dhaliwal Bros. Trucking), Jaspal S. Dhindsa, Gurmukh Bansel & Pama Gosal (Seven Star Diesel Repair), Chicago's Pizza & Radio Punjab, Kulwant S. Lasher.
Gold Sponsors: Harbhajan Singh (West Truck & Trailer Repair), Gurdeep Jhutty (Imperial Truck & Trailer Repair), Pardeep Sohal, Sukhdev S. Hundal (Sprint Carriers), R&S (Bros Trucking), Kulvir Singh Nijjar (New India Stop), Atwal Logistics, Tirath Maan, Sukhwinder Randhawa, Jaswant Singh, Inderjit Sidhu, Amarjit Kang, Harbhajan Hothi, Prince Hothi, Baljit Sekhon, Jarnail Singh (Two Guys Food Fuel inc, Panam Express Inc, Economoi Express, Jitender Pal (M.B.X), Dalwinder Singh Dhoot, S&B Repair Services Inc., Narinder Sanghera, Pawan Kumar, Harmesh Singh, Gurpreet Singh (AKB Tucking), National Truck Driving School, Paramjit S. Johal, Kirandeep S. Tut, Jagraj S. Sekhon, Kesar Singh, Raj Gill (Raj Trucking).
ਇਸ ਵਰਲਡ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।
LIVE KABADDI
SANJHA TV
sling TELEVISION
FYI MEDIA GROUP
ਹੋਰ ਜਾਣਕਾਰੀ ਲਈ ਸੰਪਰਕ ਕਰੋ: ਕਿੰਦੂ ਰਮੀਦੀ (916) 870-3303, ਸੁੱਖੀ ਸੇਖੋਂ (209) 589-5664, ਗੁਰਨੇਕ ਸਿੰਘ ਢਿੱਲੋਂ (916) 201-1863, ਬਲਜੀਤ ਸਿੰਘ ਬਾਸੀ (916) 945-6758, ਸੀਤਲ ਸਿੰਘ ਨਿੱਝਰ (916) 417-8897